
# ਅੰਮ੍ਰਿਤ ਕੀਰਤਨ

ਨਵੰਬਰ 2015


Posting Date
01 ਨਵੰਬਰ 2015



ਜਸਵੰਤ ਸਿੰਘ ਦੁਆਰਾ
ਚਿਤਰਿਤ ਰਾਗ ਮਾਲਾ ਚਿੱਤਰ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਫੱਗਣ (ਫਲਗੁਣ)

ਫਗੱਣ ਫੱਸੀ ਜਾਨ ਅਜ਼ਾਬਾਂ,
ਇਕ ਜਿੰਦੜੀ ਦੁਖ ਘਨੇਰੇ ਨੇ।
ਪਾਸਾ ਕੋਈ ਨ ਖਾਲੀ ਦਿਸਦਾ,
ਸੁੱਖ ਪਿੱਛੇ, ਦੁੱਖ ਅਗੇਰੇ ਨੇ।
ਰਾਤ ਦਿਨ ਕੁਰਲਾਂਦੀ ਜਾਂਦੀ,
ਚੀਕਾਂ ਸ਼ਾਮ ਸਵੇਰੇ ਨੇ।
ਸਾਰੇ ਜਗ ਵਿਚ ਚਾਨਣ ਵੱਸਦਾ,
(ਮੈਨੂੰ) ਦਿਸਣ ਘੁੱਪ ਹਨੇਰੇ ਨੇ।
ਕੀ ਦੱਸਾਂ ਤੇ ਕਿੱਸ ਨੂੰ ਆਖਾਂ,
ਖਾ ਗਏ ਝਗੜੇ ਝੇੜੇ ਨੇ।
ਕਸ਼ਟ ਉਠਾਂਦੀ ਜੀਂਦੀ ਫਿਰਦੀ,
ਇਹ ਆਪੂੰ ਦਿੱਤੇ ਤੇਰੇ ਨੇ।
ਸੰਤੋਖ ਸਿੰਘਾਂ ਹੁਣ ਆ ਜਾਉ ਜਾਨੀ,
ਬਿਨ ਤੇਰੇ ਕਠਿਨ ਬਸੇਰੇ ਨੇ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

**ਆਨਰੇਰੀ ਸਲਾਹਕਾਰ**

**ਸ: ਹਰਚੰਦਨ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੋਰ, ਸੈਕਟਰ 70, ਮੁਹਾਲੀ ਫੋਨ : 0172-2216283, 98150-72197ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਸੰਪਾਦਕੀ:
ਕਾਹੇ ਕੋ ਡੋਲਤ ਹੈ ਤੁਮਰੀ ਸੁਧ 4

ਗੁਰਮਤਿ ਸੰਗੀਤ ਵਿਚ ਰਾਗ ਭੈਰਉ ਅਤੇ ਸਾਰੰਗ
ਡਾ. ਗੁਰਨਾਮ ਸਿੰਘ 6

ਜਸਵੰਤ ਸਿੰਘ ਦੁਆਰਾ ਚਿਤਰਿਤ-ਰਾਗਮਾਲਾ ਚਿੱਤਰ
ਜਗਤਾਰਜੀਤ ਸਿੰਘ 9

ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ
ਭਾਈ ਗੁਰਮੀਤ ਸਿੰਘ ਜੋਸ਼ 16

A VERSATILE PERSONALITY -
PROF.G.S.MEET 18

ਪ੍ਰੋ. ਕਰਤਾਰ ਸਿੰਘ ਗੁਰ ਸ਼ਬਦ ਸੰਗੀਤ ਅਕੈਡਮੀ
ਫਗਵਾੜਾ ਸੁਖਵਿੰਦਰ ਸਿੰਘ ਸਾਗਰ 20

ਸੁਰ-ਲਿਪੀ ਰਾਗ ਭੈਰਵ (ਝੱਪ ਤਾਲ ਮਾਤਰਾ 10)
ਕਮਲੇਸ਼ ਇੰਦਰ ਸਿੰਘ 21


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

**ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302, IFSC:STBP0000240 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।**

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 now valid in perpetuity.

## ਕਰਉ ਬੇਨੰਤੀਆ

# ਕਾਹੇ ਕੋ ਡੋਲਤ ਹੈ ਤੁਮਰੀ ਸੁਧ

ਲਗਭਗ 33 ਸਾਲ ਪਹਿਲਾਂ ਕੀਤੀ ਇਹ ਰਿਕਾਰਡਿੰਗ ਸੁਣੀ ਤਾਂ ਆਨੰਦ ਆ ਗਿਆ। ਇਸ ਨਾਲ ਪੁਰਾਣੀਆਂ ਯਾਦਾਂ ਤਾਜ਼ਾ ਹੋ ਗਈਆਂ। ਇਹ ਕੀਰਤਨ ਸ਼ਿਵਸਾਗਰ ਆਸਾਮ ਵਿਖੇ ਕੀਤਾ ਸੀ। ਉਦੋਂ ਕੀਰਤਨ ਅਸੀਂ ਤਿੰਨੇ ਭਰਾ (ਡਾ ਜਾਗੀਰ ਸਿੰਘ, ਡਾ ਬਚਿਤਰ ਸਿੰਘ ਅਤੇ ਡਾ ਗੁਰਨਾਮ ਸਿੰਘ) ਕਰਦੇ ਸਾਂ। ਇਹ ਸ਼ਬਦ ਰਾਗ ਅਸਾਵਰੀ-ਜੌਨਪੁਰੀ ਵਿੱਚ ਗਾਇਨ ਕੀਤਾ ਹੋਇਆ ਹੈ। ਮੋਬਾਇਲ ਤੇ ਕੀਰਤਨ ਪ੍ਰੇਮੀਆਂ ਨੂੰ ਹੁਣ ਇਹ ਸ਼ਬਦ ਭੇਜਿਆ ਤਾਂ ਕਾਫੀ ਅਸੀਸਾਂ ਪ੍ਰਾਪਤ ਹੋਈਆਂ। ਇਸ ਸ਼ਬਦ ਦੇ ਗਾਇਨ ਸਮੇਂ ਸ਼ਬਦ ਵਿਸ਼ੇ ਨੂੰ ਸਪਸ਼ਟ ਕਰਦਿਆਂ ਜਿਹੜੇ ਪ੍ਰਮਾਣ ਦਿੱਤੇ ਗਏ ਉਹ ਸਾਡੀ ਪਰਿਵਾਰਕ ਕੀਰਤਨ ਸ਼ੈਲੀ ਦਾ ਇੱਕ ਨਮੂਨਾ ਹੈ- ਇਹ ਸ਼ਬਦ ਗੁਰੂ ਗੋਬਿੰਦ ਸਿੰਘ ਜੀ ਰਚਿਤ ਅਕਾਲ ਉਸਤਤ ਵਿੱਚੋਂ ਹੈ ਕਿਉਂ ਕਿ ਉਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਨਾਲ ਸਬੰਧਤ ਕੀਰਤਨ ਕਰਨ ਹੀ ਗਏ ਸੀ। ਸ਼ਬਦ ਹੈ

ਕਾਮ ਨ ਕ੍ਰੋਧ ਨ ਲੋਭ ਨ ਮੋਹ, ਨ ਰੋਗ ਨ ਸੋਗ ਨ ਭੋਗ ਨ ਭੈ ਹੈ।
ਦੇਹ ਬਿਹੀਨ ਸਨੇਹ ਸਭੋ ਤਨ ਨੇਹ ਬਿਰਕਤ ਅਗੇਹ ਅਛੈ ਹੈ।
ਜਾਨ ਕੋ ਦੇਤ ਅਜਾਨ ਕੋ ਦੇਤ ਜਮੀਨ ਕੋ ਦੇਤ ਜਮਾਨ ਕੋ ਦੈ ਹੈ।
ਕਾਹੇ ਕੋ ਡੋਲਤ ਹੈ ਤੁਮਰੀ  ਸੁਧ ਸੁੰਦਰ ਸ੍ਰੀ ਪਦਮਾਪਤਿ ਲੈ ਹੈ।

ਜਦੋਂ ਇਸ ਸ਼ਬਦ ਦੀ ਤੁਕ -ਜਾਨ ਕੋ ਦੇਤ ਅਜਾਨ ਕੋ ਦੇਤ- ਗਾਇਨ ਕਰ ਰਹੇ ਸਾਂ ਗੁਰਬਾਣੀ ਵਿੱਚੋਂ ਇਸ ਭਾਵ ਨਾਲ ਸਬੰਧਤ ਕੁਝ ਪ੍ਰਮਾਣ ਗਾਇਨ ਕੀਤੇ-

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ।
ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਥਰਿ ਧਰਿਆ।
ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ।
ਗੁਰਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ।। ਰਹਾਉ।।
ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ।।
ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ।।
ਊਡੇ ਊਡ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ।।
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨ ਕਰਿਆ।
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨ ਕਰਿਆ। -------
ਜਾਨ ਕੋ ਦੇਤ ਅਜਾਨ ਕੋ ਦੇਤ
ਜਾਨ ਕੋ ਦੇਤ ਅਜਾਨ ਕੋ ਦੇਤ ---
ਮਾਤ ਗਰਭ ਮਹਿ ਆਪਨ ਸਿਮਰਨ ਦੇ ਤਹ ਤੁਮ ਰਾਖਨਹਾਰੇ।
ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ।
ਮਾਧਉ ਤੂ ਠਾਕੁਰੁ ਸਿਰਿ ਮੋਰਾ।
ਈਹਾ ਊਹਾ ਤੁਹਾਰੋ ਧੋਰਾ।
ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣ ਜਾਨੈ।
ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ।
ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ। ---
ਜਾਨ ਕੋ ਦੇਤ ਅਜਾਨ ਕੋ ਦੇਤ

ਜਾਨ ਕੋ ਦੇਤ ਅਜਾਨ ਕੋ ਦੇਤ----
ਰੈਣਿ ਦਿਨਸੁ ਪਰਭਾਤਿ ਤੂਹੈ ਹੀ ਗਾਵਣਾ। ।
ਜੀਅ ਜੰਤ ਸਰਬਤ ਨਾਉ ਤੇਰਾ ਧਿਆਵਣਾ।
ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ।
ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ। ---
ਜਾਨ ਕੋ ਦੇਤ ਅਜਾਨ ਕੋ ਦੇਤ
ਜਾਨ ਕੋ ਦੇਤ ਅਜਾਨ ਕੋ ਦੇਤੇ---
ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ।
ਪੱਛ ਪਸੂ ਨਗ ਨਾਗ ਨਰਾਧਿਪ ਸਰਬ ਸਮੈ ਸਭ ਕੋ ਪ੍ਰਤਿਪਾਰੈ। --
ਸਰਬ ਸਮੈ ਸਭ ਕੋ ਪ੍ਰਤਿਪਾਰੈ-- ਜਾਨ ਕੋ ਦੇਤ ਅਜਾਨ ਕੋ ਦੇਤ--
ਪੱਛ ਪਸੂ ਨਗ ਨਾਗ ਨਰਾਧਿਪ ਸਰਬ ਸਮੈ ਸਭ ਕੋ ਪ੍ਰਤਿਪਾਰੈ।
ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲਿ ਕੇ ਨਹੀ ਕਰਮ ਬਿਚਾਰੈ।
ਦੀਨ ਦਇਆਲ ਦਇਆ ਨਿਧਿ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ।
ਦੋਖਨ ਦੇਖਤ ਹੈ ਪਰ ਦੇਤ ਨ ਹਾਰੈ। -- ਜਾਨ ਕੋ ਦੇਤ ਅਜਾਨ ਕੋ ਦੇਤ---
ਜਾਨ ਕੋ ਦੇਤ ਅਜਾਨ ਕੋ ਦੇਤ
ਮਿਹਰਵਾਨੁ ਸਾਹਿਬ ਮਿਹਰਵਾਨੁ।
ਸਾਹਿਬ ਮੇਰਾ ਮਿਹਰਵਾਨ।
ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰ।
ਜਿਨਿ ਪੈਦਾਇਸ ਤੂ ਕੀਆ ਸੋਈ ਦੇਇ ਆਧਾਰ।
ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ। ---
ਜਾਨ ਕੋ ਦੇਤ ਅਜਾਨ ਕੋ ਦੇਤ। ਜਾਨ ਕੋ ਦੇਤ ਅਜਾਨ ਕੋ ਦੇਤ-- ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹ ਗੁਰੂ ਤੇਰਾ ਸਭੁ ਸਦਕਾ।
ਨਿਰੰਕਾਰ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ।
ਬ੍ਰਹਮਾ ਬਿਸਨ ਸਿਰੇ ਤੇ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ।
ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭਹੂ ਕਉ ਤਦ ਕਾ।
ਜਾਨ ਕੋ ਦੇਤ ਅਜਾਨ ਕੋ ਦੇਤ। ਜਾਨ ਕੋ ਦੇਤ ਅਜਾਨ ਕੋ ਦੇਤ। ----
ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ।
ਜਲ ਮਹਿ ਜੰਤ ਉਪਾਇਨੁ ਤਿਨਾ ਭਿ ਰੋਜੀ ਦੇਇ।
ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ।
ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ।
ਜ਼ੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ।
ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ।
ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ। -----
ਕਾਹੇ ਕੋ ਡੋਲਤ ਹੈ ਤੁਮਰੀ ਸੁਧ ਸੁੰਦਰ ਸ੍ਰੀ ਪਦਮਾਪਤਿ ਲੈ ਹੈ।
ਕਾਹੇ ਕੋ ਡੋਲਤ ਹੈ ਤੁਮਰੀ ਸੁਧ ਸੁੰਦਰ ਸ੍ਰੀ ਪਦਮਾਪਤਿ ਲੈ ਹੈ।
ਇਸ ਸ਼ਬਦ ਦਾ ਗਾਇਨ ਕੁਝ ਹੋਰ ਖੂਬੀਆਂ ਵੀ ਪ੍ਰਗਟਾਉਂਦਾ ਹੈ। ਇਸ ਦਾ ਪਤਾ ਤਾਂ ਸਰਵਣ ਕਰ ਕੇ ਹੀ ਲਗਦਾ ਹੈ - ਇਸ ਬਾਰੇ ਕਦੀ ਫਿਰ ਚਰਚਾ ਕਰਾਂਗੇ ਭੁਲ ਚੁਕ ਖਿਮਾ

# ਗੁਰਮਤਿ ਸੰਗੀਤ ਵਿਚ ਰਾਗ ਭੈਰਉ ਅਤੇ ਸਾਰੰਗ

ਡਾ. ਗੁਰਨਾਮ ਸਿੰਘ

ਰਾਗ ਭੈਰਉ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਖ ਰਾਗਾਂ ਦੀ ਲੜੀ ਵਿਚ ਚੌਵੀਵੇਂ ਸਥਾਨ 'ਤੇ ਅੰਕਿਤ ਹੈ ਜਦੋਂ ਕਿ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਵਿਚ ਭੈਰਵ ਨੂੰ ਪਹਿਲਾ ਸਥਾਨ ਮਿਲਿਆ ਹੈ। ਭਾਰਤੀ ਸੰਗੀਤ ਵਿਚ ਇਸ ਰਾਗ ਨੂੰ ਭੈਰਵ ਰਾਗ ਅਧੀਨ ਜਾਣਿਆ ਜਾਂਦਾ ਹੈ ਜੋ ਕਿ ਪ੍ਰਸਿੱਧ, ਪ੍ਰਾਚੀਨ ਤੇ ਮਧੁਰ ਰਾਗ ਹੈ। ਇਸ ਨੂੰ ਭਗਤੀ ਭਾਵ ਪ੍ਰਗਟਾਉਣ ਵਾਲਾ ਮੁੱਖ ਰਾਗ ਮੰਨਿਆ ਜਾਂਦਾ ਹੈ। ਇਸ ਲਈ ਇਸ ਦਾ ਗਾਇਨ ਸਮਾਂ ਅੰਮ੍ਰਿਤ ਵੇਲਾ ਹੈ। ਗੁਰੂ ਕਾਲ ਦੇ ਸਮਕਾਲੀ ਭਾਰਤੀ ਸੰਗੀਤ ਗ੍ਰੰਥਾਂ ਵਿਚੋਂ 'ਸੰਗੀਤ ਰਤਨਾਕਰ' ਤੇ 'ਸੰਗੀਤ ਦਰਪਣ' ਵਿਚ ਇਸ ਰਾਗ ਦਾ ਉਲੇਖ ਹੁੰਦਾ ਹੈ। 'ਸੰਗੀਤ ਰਤਨਾਕਰ' ਵਿਚ ਇਸ ਰਾਗ ਨੂੰ ਰਾਗਾਂਗ ਰਾਗ ਕਿਹਾ ਗਿਆ ਹੈ। 'ਸੰਗੀਤ ਦਰਪਣ' ਵਿਚ ਇਸ ਰਾਗ ਨੂੰ ਪੁਰਸ਼ ਰਾਗ ਸਵੀਕਾਰਿਆ ਗਿਆ ਹੈ। ਭਾਰਤੀ ਸੰਗੀਤ ਵਿਚ ਭੈਰਵ ਰਾਗ ਨੂੰ ਆਸ਼ਰਯ ਰਾਗ ਵੀ ਕਿਹਾ ਜਾਂਦਾ ਹੈ ਅਤੇ ਇਸ ਨੂੰ ਰਾਗਾਂਗ ਪੱਧਤੀ ਅਨੁਸਾਰ ਰਾਗਾਂਗ ਰਾਗ ਸ਼੍ਰੇਣੀ ਵਿਚ ਵੀ ਰਖਿਆ ਜਾਂਦਾ ਹੈ।

ਭਾਰਤੀ ਸੰਗੀਤ ਵਿਚ ਭੈਰਵ ਦੇ ਕਈ ਪ੍ਰਕਾਰ ਪ੍ਰਚਲਿਤ ਹਨ ਜਿਵੇਂ ਅਹੀਰ ਭੈਰਵ, ਬੰਗਾਲ ਭੈਰਵ, ਨਟ ਭੈਰਵ, ਸ਼ਿਵਮਤ ਭੈਰਵ ਆਦਿ। ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭੈਰਵ ਦੇ ਪ੍ਰਕਾਰਾਂ ਨੂੰ ਕੋਈ ਸਥਾਨ ਨਹੀਂ ਦਿਤਾ ਗਿਆ। ਭੈਰਵ ਰਾਗ ਨੂੰ ਭੈਰਵ ਥਾਟ ਦੇ ਅੰਤਰਗਤ ਰਖਦਿਆਂ ਇਸ ਰਾਗ ਦਾ ਵਾਦੀ ਸੁਰ ਧੈਵਤ, ਸੰਵਾਦੀ ਸੁਰ ਰਿਸ਼ਭ ਸਵਿਕਾਰਿਆ ਹੈ। ਇਸ ਰਾਗ ਦੇ ਆਰੋਹ ਤੇ ਅਵਰੋਹ ਵਿਚ ਸੱਤ ਸੁਰਾਂ ਦਾ ਪ੍ਰਯੋਗ ਹੋਣ ਕਰਕੇ ਇਸ ਦੀ ਜਾਤੀ ਸੰਪੂਰਨ-ਸੰਪੂਰਨ ਮੰਨੀ ਗਈ ਹੈ। ਇਸ ਵਿਚ ਕੋਮਲ ਰਿਸ਼ਭ ਅਤੇ ਕੋਮਲ ਧੈਵਤ ਦਾ ਪ੍ਰਯੋਗ ਕੀਤਾ ਜਾਂਦਾ ਹੈ ਬਾਕੀ ਸੁਰ ਸ਼ੁੱਧ ਵਰਤੇ ਜਾਂਦੇ ਹਨ। ਕੁਝ ਵਿਦਵਾਨ ਸੰਗੀਤਕਾਰ ਇਸ ਰਾਗ ਦੇ ਆਰੋਹ ਵਿਚ ਰਿਸ਼ਭ ਅਤੇ ਪੰਚਮ ਨੂੰ ਵਰਜਿਤ ਕਰਕੇ ਇਸ ਦੀ ਜਾਤੀ ਔੜਵ-ਸੰਪੂਰਨ ਮੰਨਦੇ ਹਨ। ਇਸ ਦਾ ਗਾਇਨ ਸਮਾਂ ਸਵੇਰ ਸੰਧੀਪ੍ਰਕਾਸ਼ ਹੈ। ਇਸ ਰਾਗ ਵਿਚ ਰਿਸ਼ਭ ਸੁਰ ਨੂੰ ਗੰਧਾਰ ਦੇ ਸਪਰਸ਼ ਨਾਲ ਅਤੇ ਧੈਵਤ ਨੂੰ ਨਿਸ਼ਾਦ ਦੇ ਸਪਰਸ਼ ਨਾਲ ਅੰਦੋਲਿਤ ਕਰਕੇ ਗਾਇਨ ਕੀਤਾ ਜਾਂਦਾ ਹੈ। ਭੈਰਵ ਰਾਗ ਉਤਰਾਂਗ ਪ੍ਰਧਾਨ ਰਾਗ ਹੈ। ਇਸ ਦੀ ਪ੍ਰਕ੍ਰਿਤੀ ਗੰਭੀਰ ਹੈ ਅਤੇ ਅਲਾਪਚਾਰੀ ਲਈ ਇਹ ਵਧੀਆ ਰਾਗ ਹੈ। ਇਸ ਦਾ ਆਰੋਹ ਸ਼ੜਜ ਰਿਸ਼ਭ (ਕੋਮਲ), ਗੰਧਾਰ ਮਧਿਅਮ ਪੰਚਮ, ਧੈਵਤ (ਕੋਮਲ), ਨਿਸ਼ਾਦ ਸ਼ੜਜ (ਤਾਰ ਸਪਤਕ) ਅਤੇ ਅਵਰੋਹ ਸ਼ੜਜ (ਤਾਰ ਸਪਤਕ) ਨਿਸ਼ਾਦ ਧੈਵਤ (ਕੋਮਲ) ਧੈਵਤ (ਕੋਮਲ) ਪੰਚਮ, ਗੰਧਾਰ ਮਧਿਅਮ ਰਿਸ਼ਭ (ਕੋਮਲ) ਰਿਸ਼ਭ (ਕੋਮਲ) ਸ਼ੜਜ ਹੈ।

ਰਾਗ ਭੈਰਉ ਦੇ ਅੰਤਰਗਤ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ ਰਚਿਤ ਹੈ। ਗੁਰੂ ਸਾਹਿਬਾਨ ਵਿਚੋਂ ਗੁਰੂ ਨਾਨਕ ਦੇਵ ਜੀ ਦੇ ਅੱਠ ਪਦੇ, ਇੱਕ ਅਸ਼ਟਪਦੀ ; ਗੁਰੂ ਅਮਰਦਾਸ ਜੀ ਦੇ ਇੱਕੀ ਪਦੇ, ਦੋ ਅਸ਼ਟਪਦੀਆਂ; ਗੁਰੂ ਰਾਮਦਾਸ ਜੀ ਦੇ ਸੱਤ ਪਦੇ; ਗੁਰੂ ਅਰਜਨ ਦੇਵ ਜੀ ਦੇ ਸਤਵੰਜਾ ਪਦੇ, ਤਿੰਨ ਅਸ਼ਟਪਦੀਆਂ ਅੰਕਿਤ ਹਨ। ਭਗਤਾਂ ਵਿਚੋਂ ਭਗਤ ਕਬੀਰ ਜੀ ਦੇ ਵੀਹ ਪਦੇ, ਭਗਤ ਨਾਮਦੇਵ ਜੀ ਦੇ ਤੇਰਾਂ ਪਦੇ ਅਤੇ ਭਗਤ ਰਵਿਦਾਸ ਜੀ ਦਾ ਇੱਕ ਪਦਾ ਸ਼ਬਦ ਬਾਣੀ ਰੂਪ ਇਸ ਰਾਗ ਵਿਚ ਅੰਕਿਤ ਹੈ।

ਰਾਗ ਸਾਰੰਗ ਇੱਕ ਪੁਰਾਤਨ, ਮਧੁਰ ਅਤੇ ਲੋਕਪ੍ਰਿਯ ਰਾਗ ਹੈ। ਇਸ ਰਾਗ ਦਾ ਸੁਰਾਤਮਕ ਸਰੂਪ ਲੋਕ ਸੰਗੀਤ ਤੋਂ ਵਿਕਸਿਤ ਹੋਇਆ ਹੈ। ਇਹ ਰਾਗ ਪੰਜਾਬ, ਰਾਜਸਥਾਨ ਹੀ ਨਹੀਂ ਸਗੋਂ ਸਮੁੱਚੇ ਉਤਰੀ

ਭਾਰਤ ਦੇ ਲੋਕ ਗਾਇਕਾਂ ਅਤੇ ਕਲਾਕਾਰਾਂ ਦਾ ਚਹੇਤਾ ਰਾਗ ਹੈ। ਇਸ ਰਾਗ ਦੀ ਖੂਬੀ ਇਹ ਵੀ ਹੈ ਕਿ ਇਸ ਰਾਗ ਦਾ ਪ੍ਰਚਲਨ ਸ਼ਾਸਤਰੀ ਸੰਗੀਤ, ਲੋਕ ਸੰਗੀਤ, ਭਾਰਤੀ ਸੰਗੀਤ, ਫਿਲਮ ਸੰਗੀਤ ਧਾਰਾ ਆਦਿ ਵਿਚ ਆਮ ਹੈ। ਰਾਗ ਸਾਰੰਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਖ ਰਾਗਾਂ ਦੀ ਲੜੀ ਵਿਚ ਛੱਬੀਵੇਂ ਸਥਾਨ 'ਤੇ ਅੰਕਿਤ ਹੈ। ਗੁਰਮਤਿ ਸੰਗੀਤ ਵਿਚ ਗੁਰੂ ਸਾਹਿਬਾਨਾਂ ਨੇ ਇਸ ਰਾਗ ਨੂੰ ਸ਼ਾਸਤਰੀ ਰੂਪ ਵਿਚ ਪ੍ਰਵਾਨਿਆ ਅਤੇ ਆਪਣੇ ਰੱਬੀ ਸੁਨੇਹੇ ਲਈ ਇਸ ਦਾ ਪ੍ਰਯੋਗ ਕੀਤਾ।

'ਸਾਰੰਗ ਦੀ ਚਉਕੀ' ਵਜੋਂ ਪ੍ਰਚਲਿਤ ਦੁਪਹਿਰ ਸਮੇਂ ਹੋਣ ਵਾਲੇ ਸਮੂਹ ਕੀਰਤਨ ਵਿਚ ਇਸ ਰਾਗ ਦੀ ਪ੍ਰਧਾਨਤਾ ਰਹਿੰਦੀ ਹੈ। ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਅਨੰਦ ਦੀ ਚਉਕੀ ਨੂੰ ਦੁਪਹਿਰ ਦੇ ਰਾਗਾਂ ਵਿਚ ਗਾਇਨ ਦੀ ਪ੍ਰਥਾ ਹੈ। ਇਸ ਚਉਕੀ ਨੂੰ ਬਿਲਾਵਲ ਦੀ ਅੰਤਿਮ ਚਉਕੀ ਵੀ ਸਵੀਕਾਰਿਆ ਗਿਆ ਹੈ। ਇਸ ਚਉਕੀ ਵਿਚ ਦੁਪਹਿਰ ਦੇ ਰਾਗਾਂ ਤੋਂ ਇਲਾਵਾ ਸਾਰੰਗ ਰਾਗ ਦੀ ਪ੍ਰਧਾਨਤਾ ਰਹਿੰਦਾ ਹੈ। ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਦਿਨ ਦੇ ਤੀਜੇ ਪਹਿਰ 'ਚਰਨ ਕਮਲ ਦੀ ਚਉਕੀ' ਦਾ ਪ੍ਰਾਰੰਭ ਹੁੰਦਾ ਹੈ ਅਤੇ ਚਰਨ ਕਮਲ ਦੀਆਂ ਤਿੰਨ ਕੀਰਤਨ ਚਉਕੀਆਂ ਦਿਨ ਦੇ ਤੀਸਰੇ ਪਹਿਰ ਦੇ ਰਾਗਾਂ ਵਿਚ ਸ਼ਬਦ ਕੀਰਤਨ ਦੇ ਗਾਇਨ ਦੁਆਰਾ ਲਗਾਈਆਂ ਜਾਂਦੀਆਂ ਹਨ ਇਨ੍ਹਾਂ ਵਿਚ ਵੀ ਰਾਗ ਸਾਰੰਗ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਉੱਤਰੀ ਭਾਰਤ ਵਿਚ ਇਸ ਰਾਗ ਦਾ ਵਿਸ਼ੇਸ਼ ਪ੍ਰਚਾਰ ਹੈ। ਇਹ ਰਾਗ ਦਾ ਸੁਰਾਤਮਕ ਸਰੂਪ ਲੋਕ ਸੰਗੀਤ ਤੋਂ ਵਿਕਸਿਤ ਹੋਇਆ ਹੈ। ਸੰਗੀਤ ਵਿਦਵਾਨਾਂ ਨੇ ਇਸ ਰਾਗ ਨੂੰ ਰਾਗਾਂਗ ਰਾਗ ਮੰਨਿਆ ਹੈ। ਇਸ ਨੂੰ ਬ੍ਰਿੰਦਾਬਨੀ ਸਾਰੰਗ ਵੀ ਕਿਹਾ ਜਾਂਦਾ ਹੈ। ਇਸ ਰਾਗ ਦੇ ਅੰਗ ਦੁਆਰਾ ਬਹੁਤ ਸਾਰੇ ਪ੍ਰਕਾਰ ਹੋਂਦ ਵਿਚ ਆਏ ਜਿਵੇਂ 'ਸ਼ੁੱਧ ਸਾਰੰਗ', 'ਨੂਰ ਸਾਰੰਗ', 'ਸਾਮੰਤ ਸਾਰੰਗ', 'ਲੰਕਦਹਨ ਸਾਰੰਗ', 'ਜਲਧਰ ਸਾਰੰਗ' ਆਦਿ। ਸੰਗੀਤ ਗ੍ਰੰਥਕਾਰਾਂ ਨੇ ਇਸ ਰਾਗ ਦਾ ਪ੍ਰਮੁੱਖ ਅੰਗ ਨਿਸ਼ਾਦ (ਕੋਮਲ), ਪੰਚਮ ਮਧਿਅਮ ਰਿਸ਼ਭ ਮੰਨਿਆ ਹੈ। ਰਾਗ ਸਾਰੰਗ ਦੇ ਚਾਰ ਰੂਪ ਵਧੇਰੇ ਪ੍ਰਚਲਿਤ ਹਨ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਰਾਗ ਸਾਰੰਗ ਕਾਫੀ ਠਾਠ ।ਥਾਟ॥ ਦਾ ਔੜਵ-ਸ਼ਾੜਵ ਰਾਗ ਹੈ। ਇਸ ਵਿਚ ਦੋਵੇਂ ਨਿਸ਼ਾਦ ਤੇ ਬਾਕੀ ਸਾਰੇ ਸੁਰ ਸ਼ੁੱਧ ਪ੍ਰਯੋਗ ਹੁੰਦੇ ਹਨ। ਸਾਰੰਗ ਦੇ ਗਾਉਣ ਦਾ ਵੇਲਾ ਦੁਪਹਿਰ ਹੈ। ਇਸ ਵਿਚ ਵਾਦੀ ਰਿਸ਼ਭ ਅਤੇ ਸੰਵਾਦੀ ਪੰਚਮ ਹੈ। ਆਰੋਹ ਵਿਚ ਧੈਵਤ ਵਰਜਿਤ ਹੈ। ਅਵਰੋਹ ਵਿਚ ਧੈਵਤ ਦੁਰਬਲ ਹੋ ਕੇ ਲਗਦਾ ਹੈ।

ਸਾਰੰਗ ਦੇ ਇੱਕ ਹੋਰ ਰੂਪ ਅਧੀਨ ਇਸ ਦਾ ਥਾਟ ਖਮਾਜ, ਜਾਤੀ ਔੜਵ-ਸ਼ਾੜਵ, ਸੁਰ ਦੋਵੇਂ ਮਧਿਅਮ, ਦੋਵੇਂ ਨਿਸ਼ਾਦ, ਵਰਜਿਤ ਸੁਰ - ਆਰੋਹ ਵਿਚ ਗੰਧਾਰ ਤੇ ਧੈਵਤ, ਅਵਰੋਹ ਵਿਚ ਗੰਧਾਰ, ਸਮਾਂ ਦਿਨ ਦਾ ਦੂਜਾ ਪਹਿਰ। ਸਾਰੰਗ ਦੇ ਤੀਸਰੇ ਰੂਪ ਥਾਟ ਕਾਫ਼ੀ, ਜਾਤੀ : ਔੜਵ-ਸ਼ਾੜਵ, ਵਾਦੀ ਰਿਸ਼ਭ, ਸੰਵਾਦੀ ਪੰਚਮ, ਸੁਰ ਦੋਵੇਂ ਮਧਿਅਮ, ਦੋਵੇਂ ਨਿਸ਼ਾਦ, ਸਮਾਂ ਦਿਨ ਦਾ ਦੂਜਾ ਪਹਿਰ, ਵਰਜਿਤ ਸੁਰ ਗੰਧਾਰ।

ਸੰਗੀਤ ਆਚਾਰੀਆ ਤੇ ਵਿਹਾਰਕ ਸੰਗੀਤ ਪਰੰਪਰਾ ਨਾਲ ਜੁੜੇ ਸੰਗੀਤਕਾਰਾਂ ਨੇ ਅਤੇ ਗੁਰਮਤਿ ਸੰਗੀਤ ਆਚਾਰੀਆ ਨੇ ਸਾਰੰਗ ਰਾਗ ਦੇ ਨਿਮਨਲਿਖਤ ਸਰੂਪ ਨੂੰ ਪ੍ਰਵਾਨਿਆ ਹੈ। ਪ੍ਰੋ. ਤਾਰਾ ਸਿੰਘ, ਆਦਿ ਗ੍ਰੰਥ ਰਾਗ ਕੋਸ਼ ਤੇ ਰਾਗ ਨਿਰਣਾਇਕ ਕਮੇਟੀ ਨੇ ਵੀ ਇਸ ਸਰੂਪ ਨੂੰ ਪ੍ਰਮਾਣਿਕਤਾ ਦਿੱਤੀ ਹੈ। ਰਾਗ ਸਾਰੰਗ, ਕਾਫ਼ੀ ਥਾਟ ਤੋਂ ਉਤਪੰਨ ਰਾਗਾਂਗ ਰਾਗ ਹੈ। ਇਸ ਵਿਚ ਸੁਰ ਦੋਵੇਂ ਨਿਸ਼ਾਦ ਤੇ ਬਾਕੀ ਸਭ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਵਿਚ ਗੰਧਾਰ ਤੇ ਧੈਵਤ ਸੁਰ ਵਰਜਿਤ ਹਨ। ਇਸ ਰਾਗ ਦੀ ਜਾਤੀ ਔੜਵ-ਔੜਵ ਹੈ। ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਤੀਜਾ ਪਹਿਰ ਹੈ। ਇਸ ਦਾ ਆਰੋਹ ਸ਼ੜਜ ਰਿਸ਼ਭ ਮਧਿਅਮ ਪੰਚਮ ਨਿਸ਼ਾਦ ਸ਼ੜਜ (ਤਾਰ ਸਪਤਕ) ਅਤੇ ਅਵਰੋਹ ਸ਼ੜਜ (ਤਾਰ ਸਪਤਕ) ਨਿਸ਼ਾਦ (ਕੋਮਲ) ਪੰਚਮ, ਮਧਿਅਮ ਰਿਸ਼ਭ, ਨਿਸ਼ਾਦ (ਮੰਦਰ ਸਪਤਕ) ਸ਼ੜਜ ਹੈ।

ਰਾਗ ਸਾਰੰਗ ਦੇ ਅਧੀਨ ਗੁਰੂ ਨਾਨਕ ਦੇਵ ਜੀ ਦੇ ਤਿੰਨ ਪਦੇ, ਦੋ ਅਸ਼ਟਪਦੀਆਂ, ਗੁਰੂ

ਅਮਰਦਾਸ ਜੀ ਦੀਆਂ ਤਿੰਨ ਅਸ਼ਟਪਦੀਆਂ, ਗੁਰੂ ਰਾਮਦਾਸ ਜੀ ਦੇ ਸੱਤ ਪਦੇ ਛੇ ਪੜਤਾਲਾਂ ਤੇ ਇੱਕ ਵਾਰ, ਗੁਰੂ ਅਰਜਨ ਦੇਵ ਜੀ ਦੇ ਇੱਕ ਸੌ ਛੇ ਪਦੇ, ਦਸ ਪੜਤਾਲਾਂ ਤੇ ਤਿੰਨ ਅਸ਼ਟਪਦੀਆਂ ਦਰਜ ਹਨ। ਭਗਤਾਂ ਵਿਚੋਂ ਭਗਤ ਕਬੀਰ ਤੇ ਭਗਤ ਨਾਮਦੇਵ ਜੀ ਦੇ ਤਿੰਨ ਅਤੇ ਭਗਤ ਪਰਮਾਨੰਦ ਤੇ ਭਗਤ ਸੂਰਦਾਸ ਜੀ ਦਾ ਇੱਕ ਪਦਾ ਬਾਣੀ ਰੂਪ ਇਸ ਰਾਗ ਦੇ ਅੰਤਰਗਤ ਅੰਕਿਤ ਹੈ। 'ਸਾਰੰਗ ਕੀ ਵਾਰ ਮਹਲਾ ੪' ਦੇ ਸਿਰਲੇਖ ਅਧੀਨ ਸ੍ਰੀ ਗੁਰੂ ਰਾਮਦਾਸ ਦੁਆਰਾ ਰਚਿਤ ਵਾਰ ਅਤੇ ਮਹਲਾ  ਅਧੀਨ ਰਚਿਤ ਛੰਤ ਇਸ ਰਾਗ ਦੇ ਅੰਤਰਗਤ ਦਰਜ ਹਨ। ਇਸੇ ਰਾਗ ਅਧੀਨ ਗੁਰਮਤਿ ਸੰਗੀਤ ਦੀ ਵਿਸ਼ੇਸ਼ ਗਾਇਨ ਸ਼ੈਲੀ 'ਪੜਤਾਲ' ਵਿਚ ਸੋਲ੍ਹਾਂ ਸ਼ਬਦ ਬਾਣੀ ਰੂਪ ਦਰਜ ਹਨ।

ਬਾਣੀ ਦੇ ਸਫਲ ਸੰਚਾਰ ਲਈ ਗੁਰੂ ਸਾਹਿਬਾਨ ਨੇ ਬਾਣੀ ਅਤੇ ਰਾਗ ਨੂੰ ਇਨ੍ਹਾਂ ਦੀ ਮੂਲ ਪ੍ਰਕ੍ਰਿਤੀ ਅਨੁਸਾਰ ਭਾਵਾਤਮਕ ਤੌਰ 'ਤੇ ਜੋੜਿਆ ਹੈ। ਆਪ ਨੇ ਬਾਣੀ ਦੇ ਗਾਇਨ ਲਈ ਪ੍ਰਯੋਗ ਕੀਤੇ ਗਏ ਸਨਾਤਨੀ ਕਾਵਿ ਰੂਪਾਂ ਲਈ ਸ਼ੁੱਧ ਰੂਪ ਵਿਚ ਮਾਰਗੀ ਜਾਂ ਸਥਾਪਿਤ ਰਾਗਾਂ ਸੰਕੀਰਨ ਦਾ ਪ੍ਰਯੋਗ ਕੀਤਾ ਹੈ। ਸੰਗੀਤ ਵਿਚ ਸਦੀਆਂ ਤੋਂ ਪਰੰਪਰਾਗਤ ਸੰਗੀਤ ਮਾਰਗ ਵਿਚ ਵਿਕਸਤ ਹੋ ਚੁਕੇ ਪ੍ਰਚਲਿਤ ਤੇ ਸਥਾਪਿਤ ਰਾਗਾਂ ਨੂੰ ਸਨਾਤਨੀ ਰਾਗ ਕਿਹਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਵਿਧਾਨ ਵਿਚ ਅਜਿਹੇ ਰਾਗ ਉਹ ਹਨ ਜਿਨ੍ਹਾਂ ਦਾ ਜਿਕਰ ਪੁਰਾਤਨ ਸੰਗੀਤ ਸ਼ਾਸਤਰ ਵਿਚ ਵੀ ਹੈ ਜੋ ਇਲਾਕਾਈ ਤੇ ਲੋਕ ਸੰਗੀਤ ਤੋਂ ਵਿਕਸਤ ਰਾਗਾਂ ਤੋਂ ਭਿੰਨ ਹਨ ਅਤੇ ਜੋ ਰਾਗ ਮਿਸ਼ਰਤ ਰਾਗ ਪ੍ਰਕਾਰ ਵਜੋਂ ਵੀ ਦਰਜ ਨਹੀਂ। ਅਜਿਹੇ ਰਾਗਾਂ ਵਿਚੋਂ ਸਾਰੰਗ ਇੱਕ ਮਹੱਤਵਪੂਰਨ ਰਾਗ ਹੈ। ਸਾਰੰਗ ਦੀ ਪ੍ਰਕ੍ਰਿਤੀ ਤਪਸ਼ ਵਾਲੀ ਸਵੀਕਾਰੀ ਗਈ ਹੈ। ਗੁਰਮਤਿ ਸੰਗੀਤ ਦੇ ਕੀਰਤਨੀਆਂ ਵਿਚ ਬਸੰਤ ਰਾਗ ਦੇ ਗਾਇਨ ਦੇ ਦਿਨਾਂ ਵਿਚ ਭਾਵ ਮਾਘ ਦੀ ਸੰਗਰਾਂਦ ਤੋਂ ਲੈ ਕੇ ਹੋਲੇ ਮਹੱਲੇ ਤੱਕ ਜਦੋਂ ਕਿਤੇ ਬਸੰਤ ਦਾ ਗਾਇਨ ਹੋਵੇ ਤਾਂ ਸਾਰੰਗ ਰਾਗ ਦਾ ਗਾਇਨ ਨਹੀਂ ਕੀਤਾ ਜਾਂਦਾ, ਅਜਿਹਾ ਪ੍ਰਚਲਨ ਹੈ।

ਉਕਤ ਰਾਗਾਂ ਦੇ ਅਧੀਨ ੨੦ਵੀਂ ਸਦੀ ਦੇ ਪ੍ਰਮੁੱਖ ਰਚਨਾਕਾਰ ਸ੍ਰ. ਗਿਆਨ ਸਿੰਘ ਐਬਟਾਬਾਦ, ਪ੍ਰੋ. ਤਾਰਾ ਸਿੰਘ, ਰਾਗੀ ਜਸਵੰਤ ਸਿੰਘ ਤੀਵਰ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰ. ਦਿਆਲ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰੋ. ਹਰਮਿੰਦਰ ਸਿੰਘ, ਆਦਿ ਦੀਆਂ ਸੁਰਲਿਪੀਬੱਧ ਰਚਨਾਵਾਂ ਮਿਲਦੀਆਂ ਹਨ।

ਉਕਤ ਰਾਗਾਂ ਨੂੰ ਗੁਰੂ ਘਰ ਦੇ ਕੀਰਤਨੀਆਂ, ਰਾਗੀਆਂ ਤੇ ਸੰਗੀਤਕਾਰਾਂ ਨੇ ਬਾਖੂਬੀ ਗਾਇਆ ਹੈ ਜਿਨ੍ਹਾਂ ਦੀ ਰਿਕਾਰਡਿੰਗ ਅਸੀਂ www.gurmatsangeetpup.com, www.sikh-relics.com, www.vismaadnaad.org ਵੈਬਸਾਈਟਸ ਤੇ ਸੁਣ ਸਕਦੇ ਹਾਂ

ਪ੍ਰੋ.ਤੇ ਮੁੱਖੀ ਗੁਰਮਤਿ ਸੰਗੀਤ ਵਿਭਾਗ,ਪੰਜਾਬੀ ਯੂਨੀ.ਪਟਿਆਲਾ

## ਜ਼ਰੂਰੀ ਬੇਨਤੀ

ਜੇ ਇਹ ਮੈਗਜ਼ੀਨ ਆਪ ਨੂੰ ਚੰਗਾ ਲਗਦਾ ਹੈ ਤਾਂ ਮਾਇਕ ਸਹਾਇਤਾ ਭੇਜੋ ਜੀ।ਜੇ ਚੰਗਾ ਨਹੀਂ ਲਗਦਾ ਤਾਂ ਸਾਨੂੰ ਸੂਚਿਤ ਕਰੋ ਤਾਂ ਜੋ ਤੁਹਾਨੂੰ ਇਹ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇ ਜੀ।

- ਸੰਪਾਦਕ : 09814053630

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਆਰਟਿਸਟ ਜਸਵੰਤ ਸਿੰਘ ਦੇ ਰਾਗਮਾਲਾ ਚਿੱਤਰ

ਜਗਤਾਰਜੀਤ ਸਿੰਘ

ਆਰਟਿਸਟ ਜਸਵੰਤ ਸਿੰਘ ਚਿੱਤਰਕਲਾ ਦੇ ਪ੍ਰਸੰਗ ਵਿੱਚ ਇੱਕ ਨਿਵੇਕਲਾ ਹਸਤਾਖਰ ਹੈ। ਉਸ ਦੇ ਚਿੱਤਰਾਂ ਨੂੰ ਕਲਾ ਪ੍ਰੇਮੀਆਂ ਨੇ ਬਹੁਤ ਸਲਾਹਿਆ ਹੈ। ਜਸਵੰਤ ਸਿੰਘ ਨੇ ਵੱਖ ਵੱਖ ਰਾਗਾਂ ਦੇ ਚਿੱਤਰ ਵੀ ਚਿੱਤਰੇ ਹਨ। ਉਸ ਦੇ ਰਾਗ ਮਾਲਾ ਚਿੱਤਰਾਂ ਦਾ ਸੁਭਾਅ ਵਿਲੱਖਣ ਹੈ।

ਭਾਰਤ ਵਿੱਚ ਰਾਗ-ਉਤਪਤੀ ਦਾ ਇਤਿਹਾਸ ਤੁਰਦਾ ਤੁਰਦਾ ਮਿਥਿਹਾਸ ਨਾਲ ਜਾ ਜੁੜਦਾ ਹੈ ਮਿਥਿਹਾਸ ਸਾਨੂੰ ਰਾਗ/ਰਾਗਨੀਆਂ ਦੇ ਜਨਮ ਦਾ ਰੌਚਕ ਵੇਰਵਾ ਪ੍ਰਦਾਨ ਕਰਦਾ ਹੈ।

ਕਾਲ-ਕ੍ਰਮ ਵਿੱਚ ਇਸ ਵਿਧੀ ਦਾ ਵਿਕਾਸ ਵੀ ਹੋਇਆ ਅਤੇ ਦੂਸਰੀਆਂ ਵਿਧਾਵਾਂ ਵਿੱਚ ਇਸ ਨੂੰ ਥਾਂ ਮਿਲਣ ਲੱਗੀ। ਇਹਨਾਂ ਵਿੱਚ ਇਕ ਵਿਧਾ ਚਿੱਤਰਕਲਾ ਹੈ। 'ਲਘੂ ਚਿੱਤਰ' ਦੇ ਨਾਂ ਨਾਲ ਜਾਣੀ ਜਾਂਦੀ ਵਿਧਾ ਦੇ ਚਿਤੇਰਿਆਂ ਨੇ ਵੱਖ ਵੱਖ ਰਾਗ ਰਾਗਨੀਆਂ ਨੂੰ ਲੈ ਕੇ ਮਨਮੋਹਕ, ਕੋਮਲ, ਬੀਰਕ ਤੋਂ ਬਰੀਕ ਚਿੱਤਰਕਾਰੀ ਕੀਤੀ ਹੈ। ਇਸ ਲੇਖ ਵਿੱਚ ਅਸੀ ਜਸਵੰਤ ਸਿੰਘ ਰਾਹੀਂ ਰਚਿਤ ਰਾਗਚਿੱਤਰ ਮਾਲਾ ਬਾਰੇ ਚਰਚਾ ਕਰ ਰਹੇ ਹਾਂ।

ਜਸਵੰਤ ਸਿੰਘ ਨੇ 'ਰਾਗ ਮਾਲਾ ਅਧਾਰਿਤ' ਚਿੱਤਰ ਭੇਂਟ ਕਰਦੇ ਸਮੇ ਭਾਰਤੀ ਰਾਗ ਪਰੰਪਰਾ ਨੂੰ ਆਪਣੇ ਪ੍ਰਗਟਾਵੇ ਦੇ ਪਿਛੋਕੜ ਵਿੱਚ ਰੱਖਿਆ ਹੈ।

ਉਹ ਸੁਚੇਤ ਹੋ ਕੇ ਆਪਣੇ ਤੋਂ ਪਹਿਲਾਂ ਦੀਆਂ ਕਲਾ-ਸ਼ੈਲੀਆਂ ਨੂੰ ਪ੍ਰਵਾਨ ਨਹੀਂ ਕਰਦਾ। ਇਹ ਪਥ ਬਦਲੀ ਪ੍ਰਬਲ ਹੈ ਅਤੇ ਉਸ ਦਾ ਮੁਹਾਵਰਾ ਬਿਲਕੁਲ ਨਿਵੇਕਲਾ ਹੈ।

ਇਸ ਪਥ ਬਦਲੀ ਕਾਰਨ ਰਾਗਮਾਲਾ ਨਾਲ ਸੰਬੰਧਤ ਵੱਖ-ਵੱਖ ਸ਼ੈਲੀਆਂ ਨੂੰ ਅਪਣਾਉਣ ਵਾਲੇ ਲਘੂ ਚਿੱਤਰਾਂ ਨੂੰ ਦੇਖਣ ਵਾਲੀ ਅੱਖ ਨੂੰ ਥੋੜ੍ਹੇ ਸਮੇਂ ਵਾਸਤੇ ਝਟਕਾ ਲਗ ਸਕਦਾ ਹੈ। ਕਿਉਂਕਿ ਜਸਵੰਤ ਸਿੰਘ ਨੇ ਆਪਣੇ ਕੈਨਵਸ ਉੱਪਰੋਂ ਨਰ-ਨਾਰੀ, ਪਸੂ ਪੰਛੀ, ਫਲ-ਬੂਟੇ, ਪਹਾੜ ਝੀਲਾਂ, ਨਦੀਆਂ ਬਿਜਲੀ ਜਿਹੇ ਅਨੇਕ ਤੱਤਾਂ ਨੂੰ ਸਿਰਿਓ ਹੀ ਹੂੰਝ ਦਿਤਾ।

ਰਾਗਾਂ ਨੂੰ ਦਰਸਾਉਣ ਵਾਲੇ ਲਘੂ ਚਿੱਤਰਾਂ ਦਾ ਮਾਹੌਲ ਦਰਸ਼ਨੀ ਹੁੰਦਾ ਹੈ। ਜਰੂਰੀ ਨਹੀਂ ਕਿ ਚਿੱਤਰ ਦੇਖਣ ਵਾਲਾ ਰਾਗ ਦਾ ਜਾਣਕਾਰ ਹੋਵੇ। ਜਾਣਕਾਰ ਨਾ ਹੁੰਦਿਆਂ ਹੋਇਆ ਵੀ ਉਹ ਦਿਸ਼ਾ ਅਤੇ ਉਸ ਦੇ ਕੇਂਦਰ ਵਿੱਚ ਮਨੁੱਖੀ ਅਕਾਰਾਂ ਦੀਆਂ ਬਰੀਕੀਆਂ ਮਾਣ ਸਕਦਾ ਹੈ। ਚਿੱਤਰ ਵਿੱਚ ਪੇਸ਼ ਹੋਈ ਵਿਵਿਧਤਾ ਦਾ ਆਪਣਾ ਆਕਰਸ਼ਨ ਹੁੰਦਾ ਹੈ।

ਜੇ ਕਿਸੇ ਲਘੂ ਚਿੱਤਰ ਨੂੰ ਜਸਵੰਤ ਸਿੰਘ ਦੇ ਬਣੇ ਚਿੱਤਰ ਦੇ ਨਾਲ ਨਾਲ ਰੱਖ ਕੇ ਦੇਖਿਆ ਜਾਵੇ ਤਾਂ ਸਭ ਕੁਝ ਸਪਸ਼ਟ ਹੋ ਜਾਂਦਾ ਏ। ਚਿਤੇਰਾ ਪ੍ਰਚੱਲਤ ਲਘੂ ਚਿੱਤਰ ਵਾਲੀ ਦ੍ਰਿਸ਼ ਉਸਾਰੀ ਵਲ ਨਹੀਂ ਜਾਂਦਾ ਬਲਕਿ ਉਹਨਾਂ ਮੋਟਿਫਾਂ ਨੂੰ ਲੈ ਕੇ ਆਪਣਾ ਕੰਮ ਸਿਰੇ ਚਾੜ੍ਹਦਾ ਹੈ ਜੋ ਮੂਲ ਤੌਰ ਤੇ ਰਾਗ ਨਾਲ ਜੁੜੇ ਹੁੰਦੇ ਹਨ।

ਰਾਗ ਦੀ ਉਤਪਤੀ ਕਦੋਂ, ਕਿਥੇ, ਕਿਵੇਂ ਹੋਈ ਦਾ ਸਿਲਸਿਲੇਵਾਰ ਵੇਰਵਾ ਕਿਤੇ ਨਹੀਂ ਮਿਲਦਾ।

ਵਿਦਵਾਨ ਸਵੀਕਾਰਦੇ ਹਨ ਕਿ ਚੁਣਵੇਂ ਰਾਗਾਂ ਦੇ ਸਰੂਪ ਦੀਆਂ ਜੱੜ੍ਹਾਂ ਲੋਕ ਸੰਗੀਤ ਵਿੱਚ ਹਨ। ਸਮਾਂ ਗੁਜ਼ਰਨ ਦੇ ਨਾਲ ਨਾਲ ਇਹਦੇ ਵਿੱਚ ਸੁਧਾਰ ਹੁੰਦਾ ਰਿਹਾ ਅਤੇ ਹੌਲੀ-ਹੌਲੀ ਇਹ ਸ਼ਾਸਤਰੀ ਸੰਗੀਤ ਹੋ ਕੇ ਲੋਕ ਸੰਗੀਤ ਨਾਲੋਂ ਵੱਖਰਾ ਹੋ ਗਿਆ। ਸੰਗੀਤ ਦੇ ਉਸੇ ਸ਼ਾਸਤਰੀ ਪੱਖ ਨੂੰ ਲੈ ਕੇ ਭਿੰਨ ਭਿੰਨ ਸੰਗੀਤ ਗ੍ਰੰਥਾਂ ਦੀ ਰਚਨਾ ਹੋਈ। ਇਹੋ ਸੰਗੀਤ ਗ੍ਰੰਥ ਅਜੋਕੇ ਸਮੇਂ ਦਾ ਸਰਮਾਇਆ ਹਨ।

ਸੰਗੀਤ ਉਤਪਤੀ ਦਾ ਵੇਰਵਾ ਭਾਰਤੀ ਮਿਥਿਹਾਸ ਵਿੱਚ ਦਰਜ ਹੈ। ਇਹ ਸ਼ਕਤੀਸ਼ਾਲੀ ਹੀ ਨਹੀਂ ਬਲਕਿ ਸਭ ਵਲੋਂ ਸਵੀਕ੍ਰਿਤ ਵੀ ਹੈ ਕਿਉਂਕਿ ਇਹ ਧਰਮ ਅਤੇ ਪਵਿੱਤਰਤਾ ਨਾਲ ਜੁੜਿਆ ਹੋਇਆ ਹੈ।

ਸਤਯੁਗ ਵੇਲੇ ਅਮਰਤਵ ਪ੍ਰਾਪਤ ਕਰਨ ਹਿਤ ਦੇਵਤਿਆਂ ਅਤੇ ਦੈਂਤਾ ਨੇ 'ਖੀਰ ਸਾਗਰ' ਨੂੰ ਰਿੜਕਨ ਦੀ ਯੋਜਨਾ ਬਣਾਈ। ਇਹ ਦੇ ਲਈ ਵਾਸੁਕੀ ਨਾਗ ਨੂੰ ਨੇਤਰਾ, ਮੱਧਰਾਂਚਲ ਪਰਬਤ ਨੂੰ ਮਧਾਣੀ ਅਤੇ ਕੱਛੂ ਨੂੰ ਆਧਾਰ ਬਣਾਇਆ। ਇਸ ਪ੍ਰਕਾਰ ਕੀਤੇ ਜਾ ਰਹੇ ਮੰਥਨ ਵਿਚੋਂ ਚੌਦਾਂ ਰਤਨ ਨਿਕਲੇ। ਅੰਤਿਮ ਨਿਕਲਣ ਵਾਲੀ ਵਸਤੂ 'ਵਿਸ਼' ਸੀ ਜਿਸ ਨੂੰ ਲੈਣ ਵਾਸਤੇ ਕੋਈ ਧਿਰ ਰਾਜੀ ਨਾ ਹੋਈ। ਛੇਕੜ ਸ਼ਿਵ ਨੇ ਉਹ ਜ਼ਹਿਰ ਸੰਖ ਵਿੱਚ ਪਾ ਕੇ ਪੀਤਾ। ਜ਼ਹਿਰ ਪੀਣ ਦੇ ਨਾਲ ਮੌਤ ਨਿਸ਼ਚਿਤ ਸੀ। ਨਤੀਜਾ ਜਾਣਦਿਆਂ ਹੋਇਆਂ ਦੇਵ ਸ਼ਿਵ ਨੇ ਉਸ ਨੂੰ ਆਪਣੇ ਗਲੇ ਵਿੱਚ ਹੀ ਰੋਕ ਲਿਆ ਪਰ ਜ਼ਹਿਰ ਨੇ ਆਪਣਾ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ। ਇਸ ਦੇ ਫਲਸਰੂਪ ਸ਼ਿਵ ਨੇ ਨੱਚਣਾ ਸ਼ੁਰੂ ਕਰ ਕੀਤਾ ਤਾਂ ਕਿ ਅਸਰ ਘਟਾਇਆ ਜਾ ਸਕੇ ਪਰ ਏਦਾਂ ਨਾ ਹੋਇਆ। ਇਸ ਦੇ ਉਲਟ ਜ਼ਹਿਰ ਦੇ ਅਸਰ ਹੇਠ ਸ਼ਿਵ ਨਾਚ ਵਿੱਚ ਤੀਬਰਤਾ ਆਉਂਦੀ ਗਈ।

ਇਹ ਮੰਨਿਆ ਜਾਂਦਾ ਹੈ ਕਿ ਨ੍ਰਿਤ ਦੌਰਾਨ ਹੀ ਪੰਜ ਪ੍ਰਮੁੱਖ ਰਾਗਾਂ ਦੀ ਉਤਪੱਤੀ ਹੋਈ। ਸ਼ਿਵ ਨੂੰ ਨੱਚਦਿਆਂ ਦੇਖ ਪਾਰਬਤੀ ਵੀ ਉਸ ਦੇ ਨਾਲ ਨਾਲ ਜਦ ਨੱਚਣ ਲੱਗੀ ਤਦ 'ਨੱਟ ਨਰਾਇਣ' ਦਾ ਜਨਮ ਹੋਇਆ।

ਸਮੁੰਦਰ ਮੰਥਨ ਵੇਲੇ ਉਤਪੰਨ ਹੋਏ ਛੇ ਰਾਗਾਂ ਵਿੱਚ ਪੰਜ ਤੱਤ (ਪਾਉਣ, ਪਾਣੀ, ਅਗਨੀ, ਪਾਤਾਲ, ਆਕਾਸ਼) ਸ਼ਾਮਲ ਸਨ। ਉਤਪੰਨ ਛੇ ਰਾਗਾਂ ਵਿੱਚ ਪ੍ਰਮੁੱਖ ਸ੍ਰੀ ਰਾਗ ਹੈ।

ਜਿਸ ਸੰਖ ਨਾਲ ਸ਼ਿਵ ਨੇ ਜ਼ਹਿਰ ਪੀਤਾ ਅਤੇ ਨ੍ਰਿਤ ਵੇਲੇ ਉਸ ਨੂੰ ਵਜਾਇਆ ਉਸੇ ਸੰਖ ਨੂੰ ਵਿਸ਼ਨੂੰ ਨੇ ਧਾਰਨ ਕੀਤਾ ਸੀ। ਬਾਅਦ ਵਿੱਚ ਕ੍ਰਿਸ਼ਨ ਨੇ ਵੀ ਆਪਣੀ ਬਾਂਸੁਰੀ ਦੇ ਨਾਲ ਨਾਲ ਸੰਖ ਧਾਰਨ ਕੀਤਾ ਸੀ।

ਧਰਤੀ ਉੱਪਰ ਜਲ ਰੂਪ ਵਿੱਚ ਸਮੁੰਦਰ ਦਾ ਸਾਮਰਾਜ ਹੈ। ਸਾਨੂੰ ਇਸ ਦੇ ਦੋ ਰੂਪ ਦਿਖਾਈ ਦੇਂਦੇ ਹਨ। ਪੂਰਨਮਾਸੀ ਤੋਂ ਪਹਿਲਾਂ ਇਹ ਕੋਮਲ (ਸ਼ਾਂਤ) ਹੁੰਦਾ ਹੈ। ਪੂਰਨਮਾਸੀ ਵਾਲੇ ਦਿਨ ਜਵਾਰ-ਭਾਟੇ ਆਉਣ ਲੱਗਦੇ ਹਨ। ਜਿਵੇਂ-ਜਿਵੇਂ ਚੰਦ ਚੜਾਅ ਵਲ ਜਾਦਾ ਹੈ ਸਮੁੰਦਰ ਵਿੱਚ ਉਫਾਨ ਆਉਂਣਾ ਬਣਿਆ ਰਹਿੰਦਾ ਹੈ, ਅਤੇ ਅਸਤਨ ਦੇ ਨਾਲ ਨਾਲ ਉਫਾਨ ਵਿੱਚ ਕਮੀ ਆਉਦੀ ਜਾਂਦੀ ਹੈ।

ਇਹ ਵੀ ਮੰਨਿਆ ਜਾਂਦਾ ਹੈ ਕਿ ਧਰਤੀ ਵਲ ਆਉਣ ਵਾਲੀਆਂ ਆਵਾਜ਼ਾਂ ਵਿੱਚ ਨਿਰੰਤਰ ਤਲਦੀਲੀ ਹੁੰਦੀ ਰਹਿੰਦੀ ਹੈ। ਜਸਵੰਤ ਸਿੰਘ ਰਾਗ ਆਧਾਰ ਚਿੱਤਰ ਭੇਂਟ ਕਰਦੇ ਸਮੇਂ ਸਾਗਰ ਨੂੰ ਭੁਲਾਂਦੇ ਨਹੀਂ।

ਕਾਂਗੜਾ, ਬਸੋਲੀ, ਰਾਜਸਥਾਨੀ ਕਲਮਾਂ ਦੇ ਚਿਤੇਰਿਆਂ ਨੇ ਰਾਗ-ਰਾਗਨੀਆਂ ਨੂੰ ਕੋਮਲ ਹੁਨਰੀ ਅੰਦਾਜ ਨਾਲ ਚਿਤਾਰਿਆ ਹੈ। ਰਾਗ-ਰਾਗਨੀਆਂ ਨੂੰ ਹੋਰ ਰਸਦਾਇਕ ਪ੍ਰਭਾਵਸ਼ਾਲੀ ਬਣਾਉਣ ਵਾਸਤੇ ਸੁੰਦਰ ਸ਼ਿੰਗਾਰ ਕੀਤੀਆਂ ਨਾਰਾਂ ਨ੍ਰਿਤ ਅਤੇ ਉਸ ਨਾਲ ਜੁੜੀਆਂ ਮੁਦਰਾਵਾਂ, ਮਨਮੋਹਕ ਸੈਨਤਾਂ ਅਤੇ ਹਾਵ=ਭਾਵ, ਰਤੀ ਦੀ ਸੰਜੋਗ-ਵਿਯੋਗ ਅਵਸਥਾਵਾਂ ਨੂੰ ਰਲਦੇ-ਮਿਲਦੇ ਕੁਦਰਤੀ ਨਜ਼ਾਰਿਆਂ ਦਰਮਿਆਨ ਟਿਕਾਅ ਦਿਤਾ ਜਾਂਦਾ ਰਿਹਾ।

ਸਮੇਂ ਅਨੁਸਾਰ ਕਈ ਵਾਰ ਕ੍ਰਿਸ਼ਨ-ਰਾਧਾ, ਕ੍ਰਿਸ਼ਨ-ਰਾਧਾ-ਗੋਪੀਆਂ ਜਾਂ ਰਾਧਾ-ਸਖੀਆਂ ਨੂੰ ਨਾਇਕ ਨਾਇਕਾ ਦੇ ਬਦਲ ਵਜੋਂ ਵੀ ਲਿਆ ਜਾਂਦਾ ਰਿਹਾ।

ਰਾਗ-ਰਾਗਨੀਆਂ ਦੇ ਚਿਤੇਰੀਆਂ ਨੇ ਰਾਗ ਨੂੰ ਪੁਰਖ ਅਤੇ ਰਾਗਨੀ ਨੂੰ ਇਸਤਰੀ ਰੂਪ ਵਿੱਚ ਚਿਤਵਿਆ। ਇਕ ਵਾਰ ਜਿਸ ਨੇ ਇਹ ਨੀਂਹ ਰਖ ਦਿੱਤੀ ਦੂਜੇ ਨੇ ਉਸੇ ਨੂੰ ਸਵੀਕਾਰ ਕਰ ਲਿਆ, ਕਿਸੇ ਕਿਸਮ ਦੀ ਤਬਦੀਲੀ ਕਰਨ ਦੀ ਹਿੰਮਤ ਨਾ ਕੀਤੀ।

ਜੇ ਪੁਰਾਤਨ ਸੰਗੀਤ ਗ੍ਰੰਥਾਂ ਵਲ ਪੰਛੀ-ਝਾਤ ਪਾਈ ਜਾਵੇ ਤਾਂ ਉਹ ਵੱਖਰੀ ਤਰ੍ਹਾਂ ਦਾ ਸੰਦੇਸ਼ ਦਿੰਦੇ ਹਨ। ਉਹ ਦੱਸਦੇ ਹਨ ਕੋਈ ਵੀ ਰਾਗ ਪੁਰਖ ਨਹੀਂ ਹੁੰਦਾ, ਕੋਈ ਵੀ ਰਾਗਨੀ ਇਸਤਰੀ ਨਹੀਂ ਹੁੰਦੀ। 'ਸੰਗੀਤ ਸਾਗਰ' ਗ੍ਰੰਥ ਅਨੁਸਾਰ ਜੇ ਕਿਸੇ ਰਾਗ ਦੇ ਗਾਇਨ ਸਮੇ ਸਾਰੇ ਮੁੱਖ ਸਵਰ ਵਰਤੋਂ ਵਿੱਚ ਆਉਂਦੇ ਹਨ ਤਾਂ ਉਸ ਨੂੰ ਰਾਗ ਕਿਹਾ ਜਾਂਦਾ ਹੈ। ਜੇ ਇਹਨਾਂ ਸਵਰਾਂ ਦੇ ਨਾਲ ਵਾਦੀ/ਸੰਵਾਦੀ ਦੇ ਰੂਪ ਵਿੱਚ ਕੋਮਲ ਸਵਰਾਂ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਉਸ ਨੂੰ ਰਾਗਨੀ ਕਿਹਾ ਜਾਂਦਾ ਹੈ।

ਰਾਗ (ਮੂਲ) ਵਿੱਚ ਰਾਗਨੀ (ਅੰਗ/ਹਿੱਸਾ)ਦੀ ਉਤਪੱਤੀ ਮੰਨੀ ਜਾਂਦੀ ਹੈ ਤਾਂਹੀਓਂ ਰਾਗ ਨੂੰ ਪੁਰਖ ਨਾਲ ਅਤੇ ਰਾਗਨੀ ਨੂੰ ਇਸਤਰੀ ਨਾਲ ਜੋੜ ਲਿਆ ਜਾਂਦਾ ਹੈ।

ਰਾਗ ਵਿੱਦਿਆ ਦੇ ਗ੍ਰੰਥਾਂ ਤੋਂ ਸੂਹ ਮਿਲਦੀ ਹੈ ਕਿ ਰਾਗ ਰਾਗਨੀਆਂ ਦਾ ਜੁੜਾਅ ਪੂਰੀ ਤਰ੍ਹਾਂ ਕੁਦਰਤ ਨਾਲ ਹੈ। ਇਹ ਨਿਸ਼ਚਿਤ ਕਰ ਦਿੱਤਾ ਗਿਆ ਕਿ ਰਾਗ-ਰਾਗਨੀ ਦਾ ਗਾਇਨ ਦਿਨ ਦੇ ਕਿਸ ਵੇਲੇ ਕੀਤਾ ਜਾਵੇਗਾ। ਜਿਵੇਂ ਰਾਗ ਭੈਰਵ ਅਤੇ ਅਹੀਰ ਭੈਰਵ ਗਾਇਨ ਸਮਾਂ ਸਵੇਰ ਦਾ ਹੈ। ਸਵੇਰ ਦਾ ਰਾਗ ਦੁਪਹਿਰ/ਸ਼ਾਮ/ਰਾਤ ਵੇਲੇ ਜੇ ਗਾਇਆ ਜਾਵੇ ਤਾਂ ਉਹ ਆਪਣਾ ਪ੍ਰਭਾਵ ਗੁਆ ਦਿੰਦਾ ਹੈ ਅਤੇ ਗਾਉਣ ਵਾਲਾ ਰਾਗ ਵਿੱਦਿਆ ਤੋਂ ਸੱਖਣਾ ਸਮਝਿਆ ਜਾਵੇਗਾ। ਇਹ ਵੀ ਨਿਸ਼ਚਿਤ ਹੈ ਕਿ ਕਿਹੜਾ ਰਾਗ ਕਿਸ ਮੌਸਮ ਵਿੱਚ ਗਾਇਆ ਜਾਵੇਗਾ। ਸੰਕੇਤ ਵਜੋਂ ਮੇਘ ਮਲ੍ਹਾਰ ਵਰਖਾ ਰੁੱਤ ਵੇਲੇ, ਰਾਗ ਬਸੰਤ ਬਸੰਤ ਰੁੱਤ ਵੇਲੇ, ਰਾਗ ਪਹਾੜੀ ਪਹਾੜਾਂ ਵਿੱਚ ਪ੍ਰਭਾਵੀ ਲੱਗਦਾ ਹੈ।

ਇਸ ਪੱਖ ਨੂੰ ਰੰਗਾਂ ਦੇ ਦ੍ਰਿਸ਼ਟੀਕੋਣ ਤੋਂ ਦੇਖਿਆ ਜਾ ਸਕਦਾ ਹੈ। ਇੱਥੇ ਵੀ ਕੁਝ ਰੰਗ ਸ਼ੁੱਧ ਕਹਾਉਂਦੇ ਹਨ। ਭਾਵ ਉਹ ਆਪਣੇ ਤੋਂ ਕਿਸੇ ਹੋਰ ਰੰਗ ਦੇ ਪ੍ਰਭਾਵਾਂ ਤੋਂ ਮੁਕਤ ਹਨ। ਇਹਨਾਂ ਸ਼ੁੱਧ ਰੰਗਾਂ ਦੇ ਆਪਸੀ ਮੇਲਾਂ ਉਪਰੰਤ ਸਾਨੂੰ ਅਣਗਿੱਣਤ ਰੰਗ ਪ੍ਰਾਪਤ ਹੁੰਦੇ ਹਨ। ਕਿਉਂਕਿ ਉਹ ਇੱਕ ਦੂਜੇ ਦੇ ਮੇਲ ਤੋਂ ਬਣੇ ਹਨ। ਇਸ ਕਾਰਣ ਉਹ ਸ਼ੁੱਧ ਰੰਗ ਨਹੀਂ ਕਹਾਉਂਦੇ।

ਸੰਕੇਤਕ ਅਤੇ ਅਤਿ ਸੀਮਿਤ ਵਿਚਾਰ ਚਰਚਾ ਤੋਂ ਪਤਾ ਚੱਲਦਾ ਹੈ ਕਿ ਰਾਗਾਂ ਦਾ ਸੰਬੰਧ ਪ੍ਰਕਿਰਤੀ ਨਾਲ ਹੀ ਹੈ, ਕਿਸੇ ਹੋਰ ਵਸਤੂ ਨਾਲ ਨਹੀਂ। ਉਹ ਪੁਰਖ-ਇਸਤਰੀ ਨਹੀਂ ਹੁੰਦਾ। ਉਸ ਦਾ ਕੋਈ ਰੂਪ-ਆਕਾਰ ਵੀ ਨਹੀਂ। ਇਹ ਸ਼ਬਦ ਅਤੇ ਲੈਅਕਾਰੀ ਦਾ ਸੰਜੋਗ ਤਾਂ ਹੈ, ਪਰ ਆਪਣੇ ਮੁੱਢਲੇ ਸਰੂਪ ਤਕ। ਜਿਵੇਂ ਜਿਵੇਂ ਗਾਇਕੀ ਅੱਗ੍ਹਾਂ ਵੱਧਦੀ ਹੈ ਉਹ ਸ਼ਬਦ ਤੋਂ ਮੁਕਤ ਹੋ ਕੇ ਲੈਅ ਵਿੱਚ ਤਬਦੀਲ ਹੋ ਜਾਂਦੀ ਹੈ।

ਫੇਰ ਇਸੇ ਲੈਅ ਅੰਦਰੋਂ ਨਾਦ ਦੀ ਉਤਪੱਤੀ ਹੁੰਦੀ ਹੈ।

ਆਮਤੌਰ ਤੇ ਭਾਰਤੀ ਪਰੰਪਰਾ ਵਿੱਚ ਰੀਤ ਚਲੀ ਆ ਰਹੀ ਹੈ ਕਿ ਮਨੁੱਖ ਜਿਸ ਕਿਸੇ ਵਸਤੂ ਨੂੰ ਮਾਣਯੋਗ ਸਥਾਨ ਦੇਂਦਾ ਹੈ ਜਾਂ ਉਸ ਨੂੰ ਪਵਿੱਤਰਤਾ ਦਾ ਦਰਜਾ ਦੇਂਦਾ ਹੈ ਤਾਂ ਉਸ ਦੇ ਸੰਬੰਧ ਕਿਸੇ ਦੇਵ-ਦੇਵੀ ਨਾਲ ਜੋੜ ਕੇ ਕਈ ਕਹਾਣੀਆਂ ਰਚ ਲਈਆਂ ਜਾਂਦੀਆਂ ਹਨ। ਰਾਗਾਂ ਦੇ ਸੰਬੰਧ ਵਿੱਚ ਵੀ ਏਦਾਂ

ਹੀ ਹੋਇਆ ਹੋਵੇਗਾ। ਮੁੱਖ ਤੱਥ ਹੈ ਕਿ ਰਾਗ ਉਤਪਤੀ ਦਾ ਦੇਵਤਾ ਸ਼ਿਵ ਹੈ। ਪੁਰਾਤਨ ਗ੍ਰੰਥਾਂ ਅਨੁਸਾਰ, ਦੇਵਤਿਆਂ ਨੂੰ ਖੁਸ਼ ਕਰਨ ਲਈ, ਉਹਨਾਂ ਤਕ ਪਹੁੰਚਣ ਲਈ ਰਾਗ-ਰਚਨਾ ਹੋਈ।

ਭਾਵ ਦੇਵਤਿਆਂ ਤਕ ਪਹੁੰਚਣ ਵਾਸਤੇ ਰਾਗ ਇਕ ਮਾਧਿਆਮ ਹੈ। ਸ਼ਿਵ ਵਲੋਂ ਜਿਸ ਸੰਖ ਵਿੱਚ ਜ਼ਹਿਰ ਪਾ ਕੇ ਪੀਤਾ ਗਿਆ ਸੀ ਉਸੇ ਸੰਖ ਨੂੰ ਨ੍ਰਿਤ ਕਰਦੇ ਸਮੇਂ ਵਜਾਇਆ ਗਿਆ ਸੀ। ਸੰਖ ਵਿਚੋਂ ਨਿਕਲਣ ਵਾਲੀ ਆਵਾਜ ਨੂੰ 'ਨਾਦ' ਕਿਹਾ ਗਿਆ ਹੈ।

ਇਸ ਸਾਰੇ ਪਰਿਵੇਸ਼ ਅਤੇ ਪਿੱਠ ਭੂਮੀ ਨੂੰ ਸਾਹਮਣੇ ਰਖ ਜਦ ਅਸੀਂ ਜਸਵੰਤ ਸਿੰਘ ਰਚਿਤ 'ਰਾਗ-ਮਾਲਾ ਚਿੱਤਰ ' ਦੇਖਦੇ ਹਾਂ ਤਾਂ ਸਾਰਾ ਕੁਛ ਬਦਲਿਆ ਬਦਲਿਆ ਲੱਗਦਾ ਹੈ।ਜੋ ਅਸੀਂ ਦੇਖਿਆ-ਪੜ੍ਹਿਆ ਹੈ ਉਹਦੇ ਅੰਦਰ ਪਰਿਵਰਤਨ ਆਇਆ ਲੱਗਦਾ ਹੈ। ਜਸਵੰਤ ਸਿੰਘ ਅਨੁਸਾਰ, "ਰਾਗ ਦਾ ਸੰਬੰਧ ਸ਼ਬਦ ਅਤੇ ਉਸ ਦੀ ਲੈਅ ਨਾਲ ਹੈ। ਮੈਂ ਉਸੇ ਨੂੰ ਦਰਸਾਉਣ ਦਾ ਯਤਨ ਕੀਤਾ ਹੈ।"

ਚਿੱਤੇਰੇ ਨੇ ਦੋ ਤਰ੍ਹਾਂ ਦਾ ਕੰਮ ਕੀਤਾ ਹੈ। ਪਹਿਲੀ ਥਾਏਂ ਪ੍ਰਕਿਰਤਕ ਤੱਤਾਂ ਦੇ ਨਾਲ ਉਹ ਚਿੰਨ੍ਹ ਦਿਖਾਈ ਦੇਂਦੇ ਹਨ ਜਿਨ੍ਹਾਂ ਦਾ ਰਾਗ ਨਾਲ ਸੰਬੰਧ ਹੈ। ਦੂਸਰੀ ਥਾਏਂ ਪਕ੍ਰਿਤਿਕ ਤੱਤਾਂ ਦੇ ਨਾਲ-ਨਾਲ ਕੋਈ ਮਨੁੱਖੀ (ਇਸਤਰੀ ਜਾਂ ਪੁਰਖ) ਅੰਗ ਬਿਰਾਜਮਾਨ ਹੁੰਦਾ ਹੈ। ਅੰਗਾਂ ਦੇ ਨਾਂਅ ਤੇ ਚਿਹਰਾ, ਛਾਤੀ, ਧੜ, ਬਾਹਾਂ ਦਾ ਦੀਦਾਰ ਹੋ ਸਕਦਾ ਹੈ। ਸਮੁੱਚੇ ਸਰੀਰ ਦਾ ਨਹੀਂ।

ਉਹ ਜਿਸ ਰਾਹ ਉੱਪਰ ਆਪਣੇ ਰਚਨਾ-ਜਗਤ ਨੂੰ ਤੋਰਨਾ ਚਾਹੁੰਦਾ ਹੈ, ਉਸ ਦੀ ਝਲਕ ਉਸ ਦੀ ਪ੍ਰਮੁੱਖ ਰਚਨਾ 'ਰਾਗ ਮਾਲਾ' ਪੂਰੀ ਤਰ੍ਹਾਂ ਦੇ ਰਹੀ ਹੈ।

'ਰਾਗਮਾਲਾ' ਦਰਮਿਆਨੇ ਆਕਾਰ ਦੀ ਖੜ੍ਹੇ ਰੁਖ ਵਾਲੀ ਕੈਨਵਸ ਹੈ।ਪੂਰਾ ਦ੍ਰਿਸ਼ ਨੀਲੇ ਰੰਗ ਦੀ ਟੋਨਜ਼ ਨਾਲ ਭਰਪੂਰ ਹੈ। ਸਪੇਸ ਨੂੰ ਵਿਚਾਲੀਓਂ ਅੱਧੋ ਅੱਧੋ ਵੰਡ ਸਮੁੰਦਰ ਅਤੇ ਆਕਾਸ਼ ਦਾ ਰੂਪ ਦੇ ਦਿੱਤਾ ਹੈ। ਥਲੜ੍ਹਾ ਹਿੱਸਾ ਉਪਰਲੇ ਹਿੱਸੇ ਦੇ ਮੁਕਾਬਲਤਨ ਵਧ ਨਿਲੱਤਣ ਵਾਲਾ ਹੈ। ਦਿਸਹੱਦੇ ਤੋਂ ਜਦ ਉੱਪਰ ਵਲ ਵੱਧਦੇ ਹਾਂ ਤਾਂ ਬਹੁਤ ਹਲਕਾ ਨੀਲਾ ਰੰਗ ਲਹਿਰਦਾ ਗੂੜ੍ਹੇ ਨੀਲੇ ਰੰਗ ਵਿੱਚ ਬਦਲ ਜਾਂਦਾ ਹੈ।

ਸਪੇਸ ਦੇ ਐਨ ਵਿਚਾਲੇ ਲੰਮੇ ਰੁੱਖ ਵੱਡੇ ਆਕਾਰ ਵਾਲੇ ਸੰਖ ਦਾ ਮੂੰਹ ਵਾਲਾ ਹਿੱਸਾ ਸਮੁੰਦਰ ਵਿੱਚ ਡੁੱਬਾ ਹੋਇਆ ਹੈ ਅਤੇ ਅੱਧਾ ਸਮੁੰਦਰੋਂ ਬਾਹਰ ਹੈ ਜੋ ਉਸ ਦੇ ਸਿਰ ਵਾਲਾ ਹਿੱਸਾ ਹੈ। ਇਸੇ ਸੰਖ ਦੇ ਦੁਆਲੇ ਗੋਲ ਦਾਇਰੇ ਵਿੱਚ ਭਿੰਨ ਭਿੰਨ ਆਕਾਰ ਦੇ ਸੰਖ ਚੱਕਰ ਲਾ ਰਹੇ ਹਨ।

ਸੰਖ ਅਸਲ ਅਤੇ ਸਜਾਵਟ ਦਾ ਮਿਲਿਆ-ਜੁਲਿਆ ਰੂਪ ਹੈ। ਇਸ ਦੀ ਤਸਦੀਕ ਇਸ ਦਾ ਸਿਖਰ ਕਰ ਰਿਹਾ ਹੈ। ਜੋ ਕਿਸੇ ਮੰਦਰ ਦੇ ਸਿਖਰ ਨਾਲ ਮਿਲਦਾ ਜੁਲਦਾ ਲੱਗਦਾ ਹੈ।

ਚਿਤੇਰੇ ਨੇ ਸੰਖ ਦੇ ਆਖਰੀ ਕੁੰਡਲਦਾਰ ਵਲੇਵੇ ਨੂੰ ਸਾਹਮਣੇ ਰੱਖ ਕੇ ਬਣਾਇਆ ਹੈ ਜਿਹੜਾ ਗੁਫਾਨਾਮਾ ਪ੍ਰਤੀਤ ਹੁੰਦਾ ਹੈ। ਇਹ ਪਾਰਦਰਸ਼ੀ ਹੈ ਅਤੇ ਪੜਾਅਵਾਰ ਅੱਗੇ ਵੱਧਦੀ ਨਜ਼ਰ ਪ੍ਰਕਾਸ਼ ਤੋਂ ਵਧੇਰੇ ਪ੍ਰਕਾਸ਼ ਨੂੰ ਮਿਲ ਰਹੀ ਹੈ। ਛੇਕੜ ਧੁਰ ਡੂੰਘਾਣ ਵਾਲੀ ਥਾਂ ਦਿਖਾਈ ਦੇਂਦੀ ਹੈ ਜੋ ਸਭ ਤੋਂ ਵੱਧ ਪ੍ਰਕਾਸ਼ਿਤ ਹੈ। ਗੁਫਾ ਵਿਚੋਂ ਦਿਸ ਰਹੇ ਸਮੁੰਦਰ ਤਲ ਉੱਪਰ ਸ਼ਿਵ ਦਾ ਚਿੰਨ 'ਸ਼ਿਵ ਲਿੰਗ' ਚਿਤਰਿਤ ਹੈ।

ਜਸਵੰਤ ਸਿੰਘ ਵਸਤਾਂ ਅਤੇ ਉਹਨਾਂ ਦੇ ਅਰਥਾਂ ਨੂੰ ਕਿਸੇ ਵੀ ਤਰ੍ਹਾਂ ਗਲਤ-ਮਲਤ ਨਹੀਂ ਕਰ ਰਿਹਾ ਬਲਕਿ ਪ੍ਰਾਪਤ ਮਿਥਿਹਾਸ ਨੂੰ ਵਿਲੱਖਣ ਤਰ੍ਹਾਂ ਨਿਯੋਜਿਤ ਕਰ ਰਿਹਾ ਹੈ। ਚਿੱਤਰ ਸਾਫ ਕਰ ਰਿਹਾ ਹੈ ਕਿ ਰਾਗ ਦਾ ਸੰਬੰਧ ਪ੍ਰਾਕਿਰਤੀ ਨਾਲ ਹੈ। ਪਾਣੀ, ਆਕਾਸ਼, ਸੰਖ, ਕੁਦਰਤ ਦੀ ਉਪਜ ਹੈ। ਸੰਖ ਦੀ ਹੋਂਦ ਰਾਗ ਤੋਂ ਪਹਿਲਾਂ ਦੀ ਹੈ। ਕਿਉਂਕਿ ਸਮੁੰਦਰ ਮੰਥਨ ਵੇਲੇ ਪ੍ਰਾਪਤ ਹੋਣ ਵਾਲੀਆਂ ਚੌਦਾਂ ਵਸਤਾਂ ਵਿਚੋਂ ਸੰਖ ਇਕ

ਵਸਤ ਸੀ ਜਿਸ ਨੂੰ 'ਪੰਚ ਜਨਮ ਸੰਖ' ਵਜੋਂ ਜਾਣਿਆ ਜਾਂਦਾ ਹੈ। ਸ਼ਿਵ ਨੇ ਪਹਿਲਾਂ ਉਸ ਦਾ ਭਾਂਡਾ ਬਣਾ ਵਿਸ਼ ਪਾਨ ਕੀਤਾ ਅਤੇ ਬਾਅਦ ਵਿੱਚ ਉਸ ਦੇ ਅਸਰ ਹੇਠ ਤਾਂਡਵ ਨਿਰਤ ਕਰਦਿਆਂ ਸੰਖ ਨੂੰ ਮੁੱਖ ਨਾਲ ਲਾ ਜਦ ਵਜਾਇਆ ਤਾਂ ਨਾਦ ਦੀ ਉਤਪਤੀ ਹੋਈ।

ਸ਼ਿਵ ਰਾਗ ਦਾ ਪ੍ਰਵਰਤਕ ਹੈ, ਚਿੱਤੇਰਾ ਇਸ ਮਤ ਨੂੰ ਸਵੀਕਾਰਦਾ -ਸਤਿਕਾਰਦਾ ਹੈ ਪਰ ਉਹ ਸ਼ਿਵ ਦੀ ਰੂਪ-ਰਚਨਾ ਦੇ ਰਾਹੇ ਨਹੀਂ ਪੈਂਦਾ। ਸ਼ਿਵ ਦੀ ਥਾਂ ਸਿਵ ਦੇ ਚਿੰਨ (ਸੰਖ ਅਤੇ ਲਿੰਗ) ਪ੍ਰਸਤੁਤ ਹਨ।

ਜਲ ਅਤੇ ਖਲਾਅ ਵਿੱਚ ਸਿੱਧੇ ਇਕੋ ਸੰਖ ਦੇ ਚੁਫੇਰੇ ਚੱਕਰ ਕੱਟਦੇ ਕਈ ਸੰਖ ਹਨ।ਇਹ ਸਾਰੇ ਰਾਗ-ਰਾਗਨੀਆਂ ਨੂੰ ਦਰਸਾਉਂਦੇ ਹਨ।

ਕੈਨਵਸ ਦਾ ਵਾਤਾਵਰਨ ਦੋ ਤਰ੍ਹਾਂ ਦਾ ਹੈ ਸ਼ਾਂਤ (ਸਮੁੰਦਰ) ਅਤੇ ਥੋੜਾ-ਥੋੜਾ ਅਸ਼ਾਂਤ (ਅਸਮਾਨ/ਖਲਾਅ)। ਅਸ਼ਾਂਤ ਇਸ ਕਾਰਣ ਕਿਉਂਕਿ ਖਲਾਅ ਬਿਲੁਕਲ ਨਿਰਮਲ ਨਹੀਂ ਬੱਦਲਵਾਈ ਹੈ। ਬੱਦਲਵਾਈ ਘੁਮੇਰੀ ਸੁਭਾਅ ਵਾਲੀ ਨਹੀਂ ਲਹਿਰਦਾਰ ਹੈ। ਅਨੁਮਾਨ ਹੈ ਇਹ ਦ੍ਰਿਸ਼ ਰਾਗ ਦੀਆਂ ਦੋ ਅਵਸਥਾਵਾਂ ਨੂੰ ਦੱਸ ਰਿਹਾ ਹੈ। ਗਾਇਕਾਂ ਦੀ ਗਾਇਕੀ ਵਿੱਚ ਜਿਵੇਂ-ਜਿਵੇਂ ਟਿਕਾਅ ਆਉਣ ਲੱਗਦਾ ਹੈ। ਉਹ ਗਹਿਰ-ਗੰਭੀਰ ਹੁੰਦੀ ਜਾਂਦੀ ਹੈ। ਸੰਭਵ ਹੈ ਤਦੇ ਪੇਂਟਰ ਨੇ ਸੰਖ ਨੂੰ ਪਾਣੀ ਅੰਦਰ ਸਿੱਧਾ ਖਲਾਰਿਆ ਹੈ ਅਤੇ ਉਹਦੇ ਵਿੱਚ ਕੋਈ ਹਲਚਲ ਨਹੀਂ। ਸਾਗਰ ਨੂੰ ਗੰਭੀਰਤਾ ਵਜੋਂ ਲਿਆ ਗਿਆ ਹੈ।

ਦਿਸਦਾ ਸੰਖ ਕਿਸੇ ਅਸਲ ਸੰਖ ਦਾ ਉਤਾਰਾ ਨਹੀਂ ਬਲਕਿ ਅਸਲ ਅਤੇ ਕਲਪਨਾ ਦਾ ਮਿਲਿਆ ਜੁਲਿਆ ਰੂਪ ਹੈ। ਸੰਖ ਨੂੰ ਰੁਸ਼ਨਾਉਣ ਵਾਸਤੇ ਨਵੇਕਲੀ ਵਿਧੀ ਵਰਤੀ ਹੈ। ਜਿਥੇ ਲੋੜ ਮਹਿਸੂਸ ਹੋਈ ਉਸ ਥਾਂ ਨੂੰ ਹਲਕੀ ਰੰਗਤ ਦੀ ਛੋਹ ਦੇ ਕੇ ਉਭਾਰ ਲਿਆ ਜਾ ਵੱਖਰਿਆ ਲਿਆ ਹੈ।ਸਾਰੀ ਕਿਰਤ ਇਸੇ ਤਕਨੀਕ ਦਾ ਵਿਖਾਵਾ ਹੈ।

ਰਾਗ ਭੈਰਵ ਸਵੇਰ ਦਾ ਰਾਗ ਹੈ। ਚਿੱਤਰਕਾਰ ਨੇ ਉਸੇ ਅਨੁਭਵ ਨੂੰ ਕੈਨਵਸ ਤੇ ਸਜਾਇਆ ਹੈ। ਇਕ ਵੱਡਾ ਸੰਖ ਹੈ ਜਿਸ ਦਾ ਸਿਰ ਦਰਸ਼ਕ ਵਲ ਹੈ ਅਤੇ ਖੁੱਲਦਾ ਹੋਇਆ ਮੂੰਹ ਦੂਸਰੇ ਪਾਸੇ। ਲਗਭਗ ਇਹੋ ਹਿੱਸਾ ਸਾਗਰ ਜਲ ਵਿੱਚ ਡੁੱਬਾ ਹੋਇਆ ਹੈ। ਹੋਰ ਹਿੱਸਾ ਉੱਪਰ ਵੱਲ ਨੂੰ ਉਚਿਆ ਹੋਇਆ ਹੈ। ਸੰਖ ਰਾਗ ਦਾ ਪ੍ਰਤੀਕ ਹੀ ਨਹੀਂ ਬਲਕਿ ਸਜਾਵਟ ਦਾ ਅੰਸ ਵੀ ਹੈ, ਤਾਂਹੀਓ ਉਸ ਦਾ ਇਕ ਅੰਗ ਅਪਾਰ ਦਰਸ਼ੀ ਹੈ ਅਤੇ ਦੂਸਰਾ ਪਾਰਦਰਸ਼ੀ ਜਿਸ ਵਿਚਾਲਿਓਂ ਸਾਗਰ ਅਸਮਾਨ ਨਜ਼ਰੀ ਪੈ ਰਿਹਾ ਹੈ। ਸਿਰ ਵਾਲੇ ਪਾਸੇ ਸਾਗਰ-ਜਲ ਵਿਚ ਤਾਕਤਵਰ ਲਹਿਰਾਂ ਹਨ ਬਾਕੀ ਸਾਗਰ ਜਲ ਦਿਸਹੱਦੇ ਤਕ ਸ਼ਾਂਤ ਟਿਕਾਅ ਵਾਲਾ ਹੈ।

ਦਿਸਹੱਦੇ ਤੋਂ ਉਪਰਲਾ ਭਾਗ ਇਕਹਰਾ ਹੈ, ਇਕ ਰੰਗੀ ਹੈ ਜਿਸ ਨੂੰ ਸਵੇਰ ਦੀ ਹਲਕੀ ਲਾਲਿਮਾ ਤੋੜ ਰਹੀ ਹੈ। ਹਲਕੀ ਲਾਲਿਆਈ ਦਾ ਅਸਰ ਥੱਲੇ ਵਲ ਤਕ ਹੋ ਰਿਹਾ ਹੈ।

ਭੈਰਵ ਦਾ ਗਾਇਨ ਸਮਾਂ ਜੇ ਸੂਰਜ ਚੜ੍ਹਨ (ਸਵੇਰ) ਵੇਲੇ ਦਾ ਹੈ ਤਾਂ ਇਹਦੇ ਗਾਇਨ ਦੀ ਰੁੱਤ 'ਪਤਝੜੀ' ਹੈ।

ਭੈਰਵ ਦਾ ਅਰਥ ਹੈ ਡਰਾਵਨਾ ਜਾਂ ਭੈਦਾਇਕੇ ਸੰਭਵ ਹੈ, ਤਾਂਹੀਓ ਸੰਖ ਦਾ ਅਕਾਰ ਕੈਨਵਸ ਦੇ ਚੌਹਾਂ ਕਿਨਾਰਿਆਂ ਤਕ ਪਸਰਿਆ ਹੋਇਆ ਹੈ। ਚਿਤੇਰੇ ਨੇ ਆਪਣੇ ਆਪ ਨੂੰ ਆਪਣੇ ਹੀ ਪ੍ਰਗਟਾਵੇ ਦੇ ਵਿਚਾਰ ਬਿੰਦੂ ਤੱਕ ਰੱਖਿਆ ਹੈ। ਕੋਈ ਫਾਲਤੂ ਵੇਰਵਾ ਦਰਜ ਨਹੀਂ। ਇਹ ਰੂਪ ਚਿੱਤਰਣ ਪਰੰਪਰਕ ਨਹੀਂ ਅਤੇ ਨਾ ਹੀ ਕਿਸੇ ਹੋਰ ਨੇ ਇਸ ਵਿਚਾਰ ਨੂੰ ਅਗ੍ਹਾਂ ਤੋਰਿਆ ਹੈ।

ਪਰੰਪਰਾ ਅਤੇ ਗ੍ਰੰਥਾਂ ਅਨੁਸਾਰ ਰਾਗ ਭੈਰਵ ਮਹਾਂਦੇਵ ਨਾਲ ਜੋੜਿਆ ਜਾਂਦਾ ਹੈ। ਉਸ ਦੇ ਗਲੇ ਰਾਹੀਂ

ਇਸ ਰਾਗ ਦਾ ਜਨਮ ਹੋਇਆ ਹੈ। ਉਹ ਤ੍ਰੈਨੇਤਰੀ ਹੈ ਅਤੇ ਸਿਰ ਸਿਖਰ ਵਿਚੋਂ ਗੰਗਾ ਨਿਕਲਦੀ ਹੈ। ਉਸ ਦੇ ਗਲੇ ਵਿੱਚ ਖੋਪੜੀਆਂ ਦੀ ਮਾਲਾ ਹੈ। ਪੀਲੇ ਵਸਤਰ ਧਾਰਨ ਕਰਨ ਵਾਲੇ ਦੇਵਤਾ ਦੀ ਸਵਾਰੀ ਝੋਟਾ ਹੈ। ਅੱਠ ਬਾਹਾਂ ਦੇ 22 ਹੱਥਾਂ ਨੇ ਇਕ ਇਕ ਵਸਤੂ ਫੜੀ ਹੋਈ ਹੈ। ਇਹ ਰਾਗ ਪੱਤਝੜ ਰੁੱਤੇ, ਸੂਰਜ ਉੱਗਣ ਵੇਲੇ ਗਾਇਆ ਜਾਂਦਾ ਹੈ। ਗ੍ਰੰਥਾਂ ਅਨੁਸਾਰ ਇਸ ਦੇ ਗਾਇਕ ਨਾਲ ਬੀਮਾਰੀਆਂ ਤੋਂ ਦੂਰ ਰਿਹਾ ਜਾ ਸਕਦਾ ਹੈ।

ਜਸਵੰਤ ਸਿੰਘ ਨੇ ਰਾਗਨੀ ਭੈਂਰਵੀਂ ਵੀ ਚਿੱਤਰਿਤ ਕੀਤੀ ਹੈ। ਖੱਬੇ ਵੱਲ ਦਿਸਦਾ ਸਿਆਹ ਇਸਤਰੀ ਚਿਹਰੇ ਦਾ 'ਪ੍ਰੋਫਾਇਲ 'ਹੈ ਜੋ ਕੈਨਵਸ ਦੇ ਥੱਲੇ ਤੋਂ ਉਪਰਲੇ ਹਿੱਸੇ ਤੱਕ ਹੈ। ਚਿਹਰੇ ਦਾ ਬਾਕੀ ਹਿੱਸਾ, ਵਿਸ਼ੇਸ਼ਕਰ ਪਿਛਲੇਰੇ ਹਿੱਸੇ ਨੂੰ ਪੱਥਰ ਜੋੜ-ਜੋੜ ਤਿਆਰ ਕੀਤੀ ਇਮਾਰਤ ਵਿੱਚ ਤਬਦੀਲ ਕਰ ਦਿੱਤਾ ਹੈ। ਇਮਾਰਤ ਦਾ ਹੁਣ ਵਾਲਾ ਸਰੂਪ ਜਰਜਰ ਹੈ ਅਤੇ ਗੁਫਾਨੁਮਾ ਰਸਤੇ ਇੱਕ-ਦੂਜੇ ਨੂੰ ਮਿਲਦੇ ਵਿਛੜਦੇ ਹਨ। ਬਹੁਤ ਦੂਰ ਅੰਦਰ ਵੱਲ ਲੋਅ ਦਾ ਸ੍ਰੋਤ ਦਿਸ ਆਉਂਦਾ ਹੈ। ਇਹਦੇ ਧੁਰ ਅੰਦਰ ਤਕ ਜਾਣ ਵਾਸਤੇ ਦੋ ਪਾਸਿਓ ਪਉੜੀਆਂ ਹਨ।

ਭੈਰਵੀ ਚਿੱਤਰ ਦੀ ਡੂੰਘੀ ਗੁਫਾ ਵਿਚੋਂ ਗੁਜਰਨ ਵਾਲੀ ਆਵਾਜ ਨੂੰ ਪੱਤਿਆਂ ਦੀ ਆਵਾਜ਼ ਨਾਲ ਮੇਲ ਕੇ ਦੇਖਿਆ ਜਾ ਸਕਦਾ ਹੈ।

ਪਰੰਪਰਾ ਅਨੁਸਾਰ ਰਾਗਨੀ ਭੈਰਵੀ ਦਾ ਸਿਆਹ ਰੰਗਤ ਵਾਲਾ ਸਰੀਰ ਹੈ ਜਿਸਦਾ ਉਪਰਲਾ ਕੱਜਣ ਪੀਲਾ ਅਤੇ ਹੇਠਲਾ ਹਰੇ ਰੰਗ ਵਾਲਾ ਹੈ। ਗਹਿਣਿਆਂ ਨਾਲ ਲੱਦੀ ਇਸਤਰੀ ਦੇ ਸੱਜੇ ਹੱਥ ਕਮਲ-ਫੁੱਲ ਰਹਿੰਦਾ ਹੈ। ਇਸ ਦੀ ਸਵਾਰੀ ਬਾਜ ਹੈ ਅਤੇ ਗਾਉਣ ਦਾ ਸਮਾਂ ਪਤ-ਝੜ ਦੀ ਰੁੱਤ ਦਾ ਸਵੇਰ ਦਾ ਵੇਲਾ ਹੈ।

ਰਾਗਨੀ ਲਲਿਤ ਦੀ ਬਣਾਵਟ ਹੱਟਵੀਂ ਹੈ।ਇਹ ਸਜਾਵਟ ਪੱਖੋ ਲਘੂ ਚਿੱਤਰਾਂ ਜਿਹੀ ਵੀ ਨਹੀਂ। ਲਲਿਤ ਸ਼ਬਦ ਦਾ ਅਰਥ ਹੈ ਸੁੰਦਰ, ਮਨੋਹਰ, ਮਨਮੋਹਕ ਇਸ ਰਾਗਨੀ ਦਾ ਗਾਇਨ ਸਮਾਂ ਤੜਕੇ ਵੇਲੇ ਤੇ ਪਹਿਰ ਦਿਨ ਚੜ੍ਹੇ ਤਕ ਦਾ ਹੈ। ਰਾਗਨੀ ਨੂੰ ਸਮੇਂ ਨਾਲ ਜੋੜੀ ਰੱਖਣ ਲਈ ਛੱਬ ਬਣਾਉਣ ਵਾਲੇ ਨੇ ਗੂੜੇ ਨੀਲੇ ਰੰਗ ਨੂੰ ਸਿਆਹ ਨਾਲ ਮੇਲ ਕੇ ਵਰਤਿਆ ਹੈ। ਨਾਭੀ ਤੋਂ ਉੱਪਰ ਵਾਲਾ ਇਸਤਰੀ ਦਾ ਭਰਵਾਂ ਨਗਨ ਸਰੀਰ/ਧੜ ਤਾਂ ਹੈ ਪਰ ਸਿਰ-ਹੀਣਾ ਹੈ। ਮੋਢਿਆਂ ਤੋਂ ਉੱਪਰ ਨੂੰ ਉੱਠੀਆਂ ਬਾਹਾਂ ਦੇ ਕੁਲਾਵੇ ਵਿੱਚ ਅੱਧਾ ਕੁ ਟੁਕਿਆ ਚੰਦ੍ਰਮਾ ਹੈ। ਇਹ ਚਮਕਦਾਰ ਹੈ ਅਤੇ ਆਲੇ-ਦੁਆਲੇ ਨੂੰ ਚਮਕ ਰਿਹਾ ਹੈ ਨਤੀਜੇ ਵੱਜੋਂ ਉਰੋਜਾਂ ਨੂੰ ਹੋਰ ਉਭਾਰ ਅਤੇ ਤਣਾਅ ਮਿਲ ਰਿਹਾ ਹੈ। ਖਿਚ ਦੇ ਬਿੰਦੂ ਚੰਦ੍ਰਮਾ ਅਤੇ ਉਰੋਜ਼ ਹਨ। ਅੰਗਾਂ ਦੀ ਗਤੀ, ਹਿੱਲ ਜੁਲ ਇਵੇਂ ਜਾਪਦੀ ਹੈ ਜਿਵੇਂ ਇਸਤਰੀ ਦੇ ਅੰਦਰ ਲੁਕੇ 'ਪੈਸ਼ਨ' ਨੂੰ ਜਾਗ੍ਰਤ ਕਰ ਰਹੀ ਹੈ।

ਪ੍ਰਭਾਵ ਨੂੰ ਹੋਰ ਤੇਜ ਕਰਨ ਲਈ ਚਿਤੇਰੇ ਨੇ ਵੱਡੀਆਂ ਬੁਰਸ਼-ਛੋਹ ਲਾਈਆਂ ਹਨ। ਦੂਜਾ ਉਸ ਨੇ ਕੈਨਵਸ ਦੀ ਬੁਣਤੀ ਨੂੰ ਰੰਗਾਂ ਦੀ ਮੋਟੀ ਪਰਤ ਨਾਲ ਇਕਸਾਰ ਨਹੀਂ ਕੀਤਾ। ਉਹ 'ਪੈਸ਼ਨ' ਅਤੇ ਖਰ੍ਹਵੇ ਪੰਨ ਦੇ ਸੁਮੇਲ ਨਾਲ ਰਾਗਨੀ ਲਲਿਤ ਦੇ ਕਿਰਦਾਰ ਨੂੰ ਜਗਾ ਰਿਹਾ ਹੈ।

ਰਾਗਨੀ ਬਗੈਸ਼ਰਵੀ ਦਾ ਗਾਇਨ ਸਮਾਂ ਰਾਤ ਦਾ ਦੂਸਰਾ ਪਹਿਰ ਹੈ। ਦੂਸਰਾ ਪਹਿਰ ਭਾਵ ਟਿਕੀ ਰਾਤ ਦਾ ਵੇਲਾ। ਉਸ ਵੇਲੇ ਸਾਰਾ ਕੁਝ ਟਿਕਾਅ ਵਿੱਚ ਹੁੰਦਾ ਹੈ।ਚਿੱਤਰਕਾਰ ਰਾਗ ਅਨੁਰੂਪ ਦ੍ਰਿਸ਼ ਰਚਦਾ ਹੈ। ਉੱਪਰ ਖੱਬੇ ਪਾਸੇ ਵਲ ਪੂਰਨਮਾਸ਼ੀ ਦਾ ਚੰਨ ਚਮਕ ਰਿਹਾ ਹੁੰਦਾ ਹੈ।ਪਾਰਦਰਸ਼ੀ ਬੱਦਲਾਂ ਦਾ ਝੁੱਮਲਮਾਟੇ ਨੇ ਸਾਰੇ ਅੰਬਰ ਕੱਜਿਆ ਹੋਇਆ ਹੈ। ਮੁੱਖ ਆਕਾਰ ਇਸਤਰੀ ਦਾ ਪ੍ਰੋਫਾਇਲ ਜੋ ਹੱਥ ਉੱਪਰ ਟਿਕਿਆ ਹੋਇਆ ਹੈ। ਇਹ ਸਥਿਤੀ ਤਦ ਬਣਦੀ ਹੈ ਜਦ ਕੋਈ ਸੋਚਦਾ ਹੈ ਜਾਂ ਧਿਆਨ ਨਾਲ ਵੇਖਦਾ ਹੈ। ਠੀਕ ਉਸਦੇ ਉਹਲੇ ਭਾਵ ਪਿੱਛੇ ਰਾਗ ਮਾਲਕੌਸ ਦਾ ਸੁੰਦਰ ਪੁਰਖ ਚਿਹਰਾ ਹੈ। ਇਹ ਉਸਦਾ ਸੰਗੀ ਹੈ। ਦੋਵੇਂ ਜੁੜੇ ਚਿਹਰੇ ਮਖੌਟੇ ਦੇ ਅੰਦਾਜ ਵਿੱਚ ਬਣਦੇ ਹਨ। ਮਖੌਟੇ ਦਾ ਜਿਹੜਾ ਹਿੱਸਾ ਚੰਦ੍ਰਮਾ ਵਲ ਹੈ, ਚਾਨਣ

ਵਿੱਚ ਚਮਕਦਾਰ ਹੈ, ਜੋ ਆਕਾਰ ਇਹਦੇ ਪਿੱਛੇ ਹੈ ਸਿਆਹ ਹੈ।

ਸਮੁੱਚੀ ਰਚਨਾ 'ਫਿਨਿਸ਼ਡ ਪ੍ਰੋਡਕਟ' ਜਿਹੀ ਨਹੀਂ ਹੈ।

ਰਾਗ ਹਿੰਡੋਲ ਦੇ ਗਾਏ ਜਾਣ ਦਾ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਹਿੰਡੋਲ ਦਾ ਅੱਖਰੀ ਅਰਥ ਹੈ ਝੂਲਾ, ਡੋਲਨਾ ਹੈ। ਵੱਡੇ ਆਕਾਰ ਦੀ ਸਿਆਹ ਪਰਤ ਉੱਪਰੋਂ ਦੀ ਲੋਅ ਬਾਹਰ ਨੂੰ ਖਿੱਲਰ ਰਹੀ ਹੈ। ਸੱਜੇ ਪਾਸੇ ਦੇ ਹੇਠਲੇ ਕੋਨੇ ਵਾਲੀ ਥਾਂ ਤੇ ਇਸਤਰੀ-ਪੁਰਖ ਅਲਿੰਗਨਬੱਧ ਹਨ। ਦੋਹਾਂ ਵਿਚਾਲੇ ਰੰਚਕ ਮਾਤਰ ਵਿੱਥ ਨਹੀਂ ਦੋਹਾਂ ਦੇ ਸਿਰ ਵੀ ਨਹੀਂ ਬਣਾਏ।

ਮੌਸਮ, ਇੱਕ ਦੂਜੇ ਵਿੱਚ ਅਭੇਦ ਹੋਣ ਦਾ ਜਜ਼ਬਾ ਉਸੇ ਪ੍ਰੇਮ ਦੇ-ਹਿੰਡੋਲ ਵਿੱਚ ਸੁੱਖ ਦਾ ਅਹਿਸਾਸ, ਸੰਭਵ ਹੈ ਰਾਗ ਦੀ ਪ੍ਰਕਿਰਤੀ ਨੂੰ ਹੀ ਸੰਕੇਤਿਆ ਗਿਆ ਹੈ।

ਜਸਵੰਤ ਸਿੰਘ ਨੇ ਰਾਗ ਆਧਾਰਿਤ ਹੋਰ ਅਨੇਕ ਚਿੱਤਰ ਬਣਾਏ ਹਨ। ਜਿਸ ਦਾ ਫਲਕ, ਲਗਭਗ ਸੱਤਵੇਂ ਦਹਾਕੇ ਜਾਂ ਥੋੜਾ ਪਹਿਲਾਂ ਤੋਂ ਸ਼ੁਰੂ ਹੋ ਕੇ ਅੱਸੀਵੇਂ ਦਹਾਕੇ ਦੇ ਅੰਤ ਤੱਕ ਫੈਲਿਆ ਹੋਇਆ ਹੈ।

ਉਸ ਨੇ ਕੁਝ ਰਾਗਾਂ ਨੂੰ ਇਕ ਤੋਂ ਵੱਧ ਵਾਰ ਪੇਂਟ ਕੀਤਾ ਹੈ। ਸਮੇਂ ਦੇ ਪਾਸਾਰ ਅਤੇ ਥੋੜ੍ਹੇ ਦੋਹਰਾਵ ਦੇ ਬਾਵਜੂਦ ਸਾਰਾ ਕੰਮ ਸੰਜਮ ਨਾਲ ਕੀਤਾ ਹੈ। ਪ੍ਰਗਟਾਵੇ ਅਤੇ ਵੱਥ ਦੇ ਸੰਯੋਗ ਵਲ ਧਿਆਨ ਦਿੱਤਾ ਹੈ। ਤਾਂਹੀਓ ਇਸ ਕੰਮ ਵਿੱਚ ਬਿਖਰਾਅ ਨਹੀਂ।

ਜਸਵੰਤ ਸਿੰਘ ਨੂੰ ਆਪਣੇ ਵੇਲੇ ਦੇ ਨਾਮਵਰ ਕਲਾ ਸਮੀਖਿਆਕਾਰ ਦੀ ਸਿਫਤ ਸਲਾਹ ਮਿਲੀ। ਰਿਚਰਡ ਬਾਰਥੋਲੋਮੀਓ ਨੇ ਜਸਵੰਤ ਸਿੰਘ ਦੇ ਰਾਗ ਮਾਲਾ ਚਿੱਤਰਾਂ ਬਾਰੇ ਕਿਹਾ ਸੀ, "ਜਸਵੰਤ ਸਿੰਘ ਸੰਗੀਤਕਾਰ-ਚਿੱਤਰਕਾਰ ਹੈ।" ਕਿਸੇ ਥੀਮ ਵਿੱਚ ਸੰਗੀਤ ਦਾ ਪ੍ਰਗਟ ਹੋਣ ਦਾ ਭਾਵ ਸੰਗੀਤ ਪ੍ਰਤੀ ਉਸਦਾ ਪਿਆਰ ਨਹੀਂ। ਸੰਗੀਤਕਾਰ ਦੀ ਛੋਹ ਨੂੰ ਉਸ ਵੇਲੇ ਦੇਖਿਆ ਜਾ ਸਕਦਾ ਹੈ ਜਦ ਉਹ ਲੈਅਮਈ ਰੰਗਾਂ ਦੀ ਵਰਤੋਂ ਕਰਦਾ ਹੈ। ਜਸਵੰਤ ਸਿੰਘ ਵਲੋਂ ਚੁਣੇ ਅਤੇ ਲਾਏ ਜਾਂਦੇ ਰੰਗਾਂ ਦੀ ਬਦੋਲਤ ਸ਼ਾਮ, ਰਾਤ, ਸਿਖਰ ਰਾਤ ਅਤੇ ਚਾਨਣੀ ਰਾਤ ਦੇ ਪ੍ਰਭਾਵ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ।

ਜਸਵੰਤ ਸਿੰਘ ਵਲੋਂ ਰਾਗਮਾਲਾ ਚਿੱਤਰਾਂ ਰਾਹੀ ਦਿੱਤੀ 'ਸਟੇਟਮੇਂਟ' ਉਲਝਾਊ ਨਹੀਂ। ਉਹ ਇੱਕ ਪ੍ਰਤੀਕ ਦੀ ਚੋਣ ਕਰਦਾ ਹੈ ਜੋ ਉਸ ਦੇ ਪ੍ਰਬਲ ਪ੍ਰਭਾਵ ਨੂੰ ਸੰਚਾਰਨ ਦੇ ਸਮਰਥ ਹੁੰਦਾ ਹੈ।

118-A, Partap Nagar
Jail Road, New Delhi 110064
M.No. 075320 40165

## ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302, IFSC : STBP0000240 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਬਾਰੇ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 earlier valid upto 31/03/2012 now valid in perpetuity.

**ਪਿਛਲੇ ਅੰਕ ਦੀ ਬਾਕੀ**

ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ।ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ। ਅਸੀਂ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਕਿ ਭਾਈ ਗੁਰਮੀਤ ਸਿੰਘ ਜੋਸ਼ ਨਵੀਂ ਦਿੱਲੀ ਵਾਲਿਆਂ ਨੇ ਬੜੀ ਸ਼ਰਧਾ ਨਾਲ ਲਿਖੀ ਹੈ, ਕਿਸ਼ਤਵਾਰ ਛਾਪ ਰਹੇ ਹਾਂ। ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।



# ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ

## ਭਾਈ ਗੁਰਮੀਤ ਸਿੰਘ ਜੋਸ਼

ਭਾਈ ਕਰਮ ਸਿੰਘ ਜੀ ਦੇ ਭਾਈ ਸੰਤੋਖ ਸਿੰਘ ਜੀ ਨਾਲ ਡਿਊਟੀ ਸ਼ੁਰੂ ਕਰਨ ਤੋਂ ਬਾਅਦ, ਇੱਕ ਦਿਨ ਭਾਈ ਜਸਵੰਤ ਸਿੰਘ ਮਹੰਤ ਜੀ, ਬਾਜ਼ਾਰ ਵਿੱਚ, ਭਾਈ ਕਰਮ ਸਿੰਘ ਨੂੰ ਮਿਲ ਗਏ, ਤੇ ਭਾਈ ਜਸਵੰਤ ਸਿੰਘ ਨੇ ਭਾਈ ਕਰਮ ਸਿੰਘ ਨੂੰ ਕਿਹਾ ਭਾਈ ਕਰਮ ਸਿੰਘ ਜੀ ਤੁਸੀ ਇਹ ਕੀ ਕੀਤਾ, ਮੇਰੇ ਨਾਲ ਵਾਦਾ ਕਰ ਕੇ, ਮੁੜ ਕੇ ਆਏ ਹੀ ਨਹੀਂ, ਤੇ ਏਥੇ ਘਟ ਤਨਖਾਹ ਤੇ ਲਗ ਗਏ ਹੋ, ਤਾਂ ਕਰਮ ਸਿੰਘ ਜੀ ਨੇ ਕਿਹਾ, ਭਾਈ ਸਾਹਿਬ ਜੀ ਤਨਖਾਹ ਤਾਂ ਜ਼ਰੂਰ ਘੱਟ ਹੈ, ਪਰ ਇਥੋ ਕੁਝ ਗੁਣ ਤਾਂ ਪ੍ਰਾਪਤ ਹੋਏਗਾ।

ਭਾਈ ਕਰਮ ਸਿੰਘ ਜੀ ਦੇ ਪੰਜਾਬੀ ਗੁਰਦੁਆਰੇ ਸੇਵਾ ਕਰਦੇ ਸਮੇਂ ਅੰਬਾਲਾ ਸ਼ਹਿਰ ਅਤੇ ਛਾਵਣੀ ਦੇ ਰਾਗੀ ਸਿੰਘਾਂ ਨੇ ਮਿਲ ਕੇ ਇੱਕ ਮੀਟਿੰਗ ਕੀਤੀ, ਤੇ ਉਸ ਮੀਟਿੰਗ ਵਿੱਚ, ਭਾਈ ਸੰਤੋਖ ਸਿੰਘ ਜੀ ਨੂੰ ਗੁਰਮਤਿ ਰਾਗੀ ਸਭਾ ਦਾ ਪ੍ਰਧਾਨ ਚੁਣਿਆ ਗਿਆ, ਅਤੇ ਭਾਈ ਕਰਮ ਸਿੰਘ ਨੂੰ ਸਭਾ ਦਾ ਜਰਨਲ ਸਕੱਤਰ ਚੁਣਿਆ ਗਿਆ , ਅਤੇ ਫਿਰ ਇੱਕ ਦਿਨ ਰਾਗੀ ਸਭਾ ਦੀ ਮੀਟਿੰਗ ਸਦਕੇ ਉਸ ਵਿੱਚ ਰਾਗੀ ਸਭਾ ਵਲੋਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਮਨਾਉਣ ਦਾ ਫੈਸਲਾ ਕੀਤਾ ਗਿਆ, ਤੇ ਉਸ ਵਾਸਤੇ ਦੋ ਨਾਮਵਾਰ ਰਾਗੀ ਜਥੇ ਬੁਲਾਣ ਦਾ ਫੈਸਲਾ ਕੀਤਾ ਗਿਆ। ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ, ਅਤੇ ਭਾਈ ਧਰਮ ਸਿੰਘ ਜੀ ਜ਼ਖਮੀ, ਤੁਰਾਗੀ ਜਥਿਆਂ ਨੂੰ ਸੱਦਾ ਪੱਤਰ ਭੇਜਿਆ ਗਿਆ। ਇਨ੍ਹਾਂ ਦੀ ਪ੍ਰਵਾਨਗੀ ਆਉਣ ਤੋਂ ਬਾਅਦ ਹੀ ਅਗਲਾ ਪ੍ਰੋਗਰਾਮ ਉਲੀਕਿਆ ਗਿਆ, ਅਤੇ ਪੰਜਾਬੀ ਗੁਰਦੁਆਰਾ ਅੰਬਾਲਾ ਛਾਉਣੀ ਵਿਖੇ, ਸ੍ਰੀ ਅਖੰਡ ਪਾਠ ਸਾਹਿਬ ਰੱਖ ਕੇ ਪ੍ਰੋਗਰਾਮ ਦੀ ਅਰੰਭਤਾ ਕੀਤੀ ਗਈ ਤੇ ਗੁਰਪੁਰਬ ਵਾਲੇ ਦਿਨ ਭਾਈ ਸਮੁੰਦ ਸਿੰਘ ਜੀ ਅਤੇ ਭਾਈ ਧਰਮ ਸਿੰਘ ਜ਼ਖਮੀ ਤੋਂ ਇਲਾਹਵਾ, ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ ਦਾ ਰਾਗੀ ਜਥਾ ਅਤੇ ਸਿੰਘ ਸਭਾ ਸਦਰ ਬਜਾਰ ਅੰਬਾਲਾ ਛਾਉਣੀ ਦਾ ਜਥਾ ਵੀ ਸ਼ਾਮਿਲ ਕੀਤਾ ਗਿਆ।ਪ੍ਰੋਗਰਾਮ ਦੀ ਅਰੰਭਤਾ ਭਾਈ ਸੰਤੋਖ ਸਿੰਘ ਦੇ ਜਥੇ ਨੇ ਕੀਤੀ, ਉਸ ਤੋਂ ਬਾਅਦ ਮਹੰਤ ਜਸਵੰਤ ਸਿੰਘ, ਸਿੰਘ ਸਭਾ ਦਾ ਜਥਾ ਅਤੇ ਫਿਰ ਗੁਰਦੁਆਰਾ ਮੰਜੀ ਸਾਹਿਬ ਜੀ ਅਤੇ ਸਭ ਤੋਂ ਬਾਅਦ ਭਾਈ ਧਰਮ ਸਿੰਘ ਜ਼ਖਮੀ ਜੀ, ਦੋਹਾਂ ਜਥਿਆਂ ਨੇ ਬਹੁਤ ਰਸਭਿੰਨਾਂ ਪ੍ਰੋਗਰਾਮ ਦਿੱਤਾ ਤੇ ਫਿਰ ਸਾਰਿਆਂ ਦੇ ਜੋਰ ਦੇਣ ਤੇ, ਭਾਈ ਸੰਤੋਖ ਸਿੰਘ ਜੀ ਨੇ ਦੁਬਾਰਾ ਇਕ ਸ਼ਬਦ ਦਾ ਪ੍ਰੋਗਰਾਮ ਕੀਤਾ, ਜਿਸ ਵਿੱਚ ਭਾਈ ਸੰਤੋਖ ਸਿੰਘ ਜੀ ਨੇ 9 ਨੌਂ ਪ੍ਰਕਾਰ ਦੀ ਭੈਰਵੀ ਗਾ ਕੇ ਸਭ ਨੂੰ ਮੰਤਰ ਮੁਗਧ ਕਰ ਦਿੱਤਾ, ਉਹਨੀ ਦਿਨੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਪੰਜ ਸੌ ਸਾਲਾ ਪ੍ਰਕਾਸ਼ ਪੁਰਬ ਨੇੜੇ ਸੀ, ਇਸ ਦੇ ਸੰਬੰਧ ਵਿੱਚ ਲੁਧਿਆਣੇ ਪੰਜਾਬੀ ਭਵਨ ਵਿਚ ਇਕ ਵੱਡੇ ਪੈਮਾਨੇ ਤੇ ਕੀਰਤਨ ਤੇ ਸੰਗੀਤ ਦਰਬਾਰ ਰਖਿਆ ਗਿਆ, ਜਿਸ ਵਿਚ ਉਸ ਸਮੇਂ ਦੇ ਸਾਰੇ ਨਾਮਵਰ ਰਾਗੀਆਂ ਨੂੰ ਸੱਦਾ ਦਿੱਤਾ ਗਿਆ, ਜਿਨ੍ਹਾਂ ਵਿੱਚ ਭਾਈ ਸੰਤੋਖ ਸਿੰਘ ਸੰਧੂ ਵੀ ਸਨ, ਉਸ ਸਮੇ ਉਹਨਾਂ ਸਾਥੀ ਭਾਈ ਕਰਮ ਸਿੰਘ ਰਤਨ ਤੇ ਭਾਈ ਕਰਤਾਰ ਸਿੰਘ ਤਰਨ ਤਾਰਨ ਵਾਲੇ ਸਨ। ਹੋਰ ਰਾਗੀਆਂ ਵਿੱਚ, ਭਾਈ ਸਮੁੰਦ ਸਿਘ ਜੀ, ਭਾਈ ਧਰਮ ਸਿੰਘ ਜ਼ਖਮੀ, ਸੰਤ ਬਹਾਦਰ ਸਿੰਘ ਜਲੰਧਰ ਵਾਲੇ, ਭਾਈ ਸੰਤਾ ਸਿੰਘ ਕੰਵਲ, ਭਾਈ ਕਰਤਾਰ ਸਿੰਘ ਨਣਕਾਣਾ ਵਾਲੇ, ਇਸ ਕੀਰਤਨ ਦਰਬਾਰ ਵਿੱਚ ਵੀ ਭਾਈ ਸੰਤੋਖ ਸਿੰਘ ਨੇ ਆਪਣਾ ਪ੍ਰਭਾਵਸ਼ਾਲੀ ਪ੍ਰੋਗਰਾਮ ਕਰਕੇ, ਸਭ ਰਾਗੀ ਸਿੰਘਾਂ ਨੂੰ ਆਪਣਾ ਸੀਸ ਝੁਕਾਉਣ ਲਈ ਮਜਬੂਰ ਕਰ ਦਿੱਤਾ।

ਉਸ ਤੋਂ ਬਾਦ ਗੁਰੂ ਨਾਨਕ ਪਾਤਸ਼ਾਹ ਜੀ ਦਾ 500 ਪੰਜ ਸੌ ਸਲਾ ਪ੍ਰਕਾਸ਼ ਪੁਰਬ ਗੁਰਦੁਆਰਾ ਸਿੰਘ ਸਭਾ ਮੇਰਠ ਦੇ ਸਦੇ ਤੇ ਆਪ ਜੀ ਆਪਣੇ ਪ੍ਰਭਾਵਸ਼ਾਲੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਕੇ ਆਏ, ਤੇ ਸੰਨ ਸੱਤਰ ਦਾ ਹੋਲਾ ਮਹੱਲਾ ਆਪ ਜੀ ਨੇ ਰੋਹਤਕ ਕੱਲ ਪਿੰਡ ਲਾਖਣ ਮਾਜਰਾ ਵਿਖੇ, ਗੁਰੂ ਤੇਗ ਬਹਾਦਰ ਪਾਤਸ਼ਾਹ ਦੇ ਇਤਿਹਾਸਕ ਅਸਥਾਨ ਕੀਤਾ।

ਉਸ ਤੋਂ ਬਾਦ ਗੁਰੂ ਨਾਨਕ ਪਾਤਸ਼ਾਹ ਜੀ ਦਾ ਪੰਜ ਸੌ ਸਾਲਾ ਪ੍ਰਕਾਸ਼ ਪੁਰਬ ਗੁਰਦੁਆਰਾ ਸਿੰਘ ਸਭਾ ਮੇਰਠ ਦੇ ਸਦੇ ਤੇ ਆਪ ਜੀ ਆਪਣੇ ਪ੍ਰਭਾਵਸ਼ਾਲੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਕੇ ਆਏ, ਤੇ ਸੰਨ ਸੱਤਰ ਦਾ ਹੋਲਾ ਮਹੱਲਾ ਆਪ ਜੀ ਨੇ ਰੋਹਤਕ ਕੱਲ ਪਿੰਡ ਲਾਖਣ ਮਾਜਰਾ ਵਿਖੇ, ਗੁਰੂ ਤੇਗ ਬਹਾਦਰ ਪਾਤਸ਼ਾਹ ਦੇ ਇਤਿਹਾਸਕ ਅਸਥਾਨ ਤੇ ਕੀਤਾ।

ਭਾਈ ਸੰਤੋਖ ਸਿੰਘ ਜੀ ਅੰਬਾਲਾ ਛੱਡ ਕੇ ਜਥੇ ਸਮੇਤ ਦਿੱਲੀ ਚਲੇ ਗਏ, ਤੇ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਪੁਰਬ ਗੁਰਦੁਆਰਾ ਸਿੰਘ ਸਭਾ ਕੀਰਤੀ ਨਗਰ ਕੀਤਾ, ਇਹ ਪ੍ਰੋਗਰਾਮ ਗੁਰਮਤ ਰਾਗੀ ਸਭਾ ਵਲੋਂ ਕੀਰਤੀ ਨਗਰ ਨਵੀਂ ਦਿੱਲੀ ਵਿਖੇ ਕਰਵਾਇਆ ਗਿਆ, ਏਹ ਪ੍ਰੋਗਰਾਮ ਭੁਗਤਾਣ ਤੋਂ ਬਾਅਦ ਭਾਈ ਕਰਮ ਸਿੰਘ ਅਤੇ ਭਾਈ ਕਰਤਾਰ ਸਿੰਘ ਤਬਲੇ ਵਾਲੇ, ਦੋਹਾਂ ਨੇ ਹੀ ਕਠੇ ਹੀ ਭਾਈ ਸੰਤੋਖ ਸਿੰਘ ਤੋਂ ਪੱਕੀ ਛੁੱਟੀ ਲੈ ਲਈ, ਤੇ ਦੋਵੇਂ ਆਪੋ ਆਪਣੇ ਘਰਾਂ ਨੂੰ ਚਲੇ ਗਏ।

ਭਾਈ ਕਰਮ ਸਿੰਘ ਜੀ 1 ਮਾਰਚ 1969 ਤੋਂ ਲੈ ਕੇ 31 ਮਈ 1970 ਤਕ 15 ਮਹੀਨੇ ਭਾਈ ਸੰਤੋਖ ਸਿੰਘ ਸੰਧੂ ਨਾਲ ਸਹਾਇਕ ਰਾਗੀ ਦੇ ਤੌਰ ਤੇ ਰਹੇ, ਭਾਵੇਂ ਇਹ 15 ਮਹੀਨੇ ਭਾਈ ਕਰਮ ਸਿੰਘ ਨੇ ਭਾਈ ਸੰਤੋਖ ਸਿੰਘ ਨਾਲ ਬਹੁਤ ਔਖੇ ਕਟੇ, ਕਿਉਂਕਿ ਤਨਖਾਹ ਬਹੁਤ ਘਟ ਸੀ, ਵਿਚ ਕੁਛ ਦਿਨ ਆਪ ਜੀ ਬੇਟਾ ਸਤਨਾਮ ਸਿੰਘ ਬੀਮਾਰ ਹੋ ਗਿਆ, ਤੇ ਆਪ ਜੀ ਪਾਸ ਉਸ ਦੀ ਦਵਾਈ ਲਿਆਉਣ ਲਈ ਵੀ ਪੈਸੇ ਨਹੀਂ ਸਨ। ਪਰ ਇਹ ਔਖੇ ਦਿਨ ਕੱਟੇ ਹੋਏ ਸਫਲ ਹੋ ਗਏ ਭਾਵੇਂ ਆਰਥਿਕ ਦ੍ਰਿਸ਼ਟੀ ਤੋਂ ਬਹੁਤ ਹੀ ਔਖੇ ਦਿਨ ਸਨ, ਪਰ ਕੰਮ ਅਤੇ ਵਿੱਦਿਆ ਦੇ ਪੱਖ ਤੋਂ ਇਹ ਦਿਨ ਆਪ ਦੇ ਬਹੁਤ ਹੀ ਸਫਲ ਰਹੇ, ਅਤੇ ਸੁਨਹਿਰੀ ਦਿਨ ਸਨ, ਜਦੋਂ ਆਪ ਜੀ ਆਮ ਲੋਹੇ ਤੋਂ ਸੋਨਾ ਬਣ ਗਏ, ਆਮ ਪੱਥਰ ਤੋਂ ਰਤਨ ਬਣ ਗਏ।

(ਚਲਦਾ)

**42 ਬੀ/2, ਖਸਰਾ ਨੰ: 25/3, ਦੀਪਕ ਵਿਹਾਰ, ਚੰਦਰ ਵਿਹਾਰ ਨਿਲੋਠੀ ਐਕਸਟੈਂਸਨ,**
**ਨਵੀਂ ਦਿੱਲੀ 110041, ਮੋਬਾ : 09968231247**

## 'ਤਾਰੇ ਭਲਕ ਦੇ – ਭਾਗ ਤੀਜਾ'

ਪਿਆਰੇ ਨਿੱਕੇ ਦੋਸਤੋ,

'ਤਾਰੇ ਭਲਕ ਦੇ ਬਾਲ ਪ੍ਰਤਿਭਾ ਮੰਚ' ਹੁਣ 'ਤਾਰੇ ਭਲਕ ਦੇ' ਪੁਸਤਕ ਲੜੀ ਦਾ ਤੀਜਾ ਭਾਗ ਛਾਪਣ ਜਾ ਰਿਹਾ ਹੈ। ਇਸ ਵਾਰ ਦਾ ਵਿਸ਼ਾ ਹੈ–'ਮੇਰੀ ਮਨਪਸੰਦ ਪੁਸਤਕ'। 18 ਸਾਲ ਤੱਕ ਦੇ ਬੱਚੇ ('ਤਾਰੇ ਭਲਕ ਦੇ' ਪੁਸਤਕ ਲੜੀ ਦੇ ਪਹਿਲੇ ਦੋ ਭਾਗਾਂ ਵਿਚ ਸ਼ਾਮਿਲ ਬੱਚਿਆਂ ਲਈ ਉਮਰ ਦੀ ਕੋਈ ਬੰਦਿਸ਼ ਨਹੀਂ) ਕਿਸੇ ਵੀ ਭਾਸ਼ਾ, ਵਿਸ਼ੇ ਤੇ ਵਿਧਾ ਦੀ ਪੁਸਤਕ ਬਾਰੇ ਆਪਣੇ ਵਿਚਾਰ ਲਿਖ ਕੇ ਭੇਜ ਸਕਦੇ ਹਨ, ਪਰ 'ਮੰਚ' ਦੇ ਕਾਰਜ–ਕਰਤਾ ਜਸਪ੍ਰੀਤ ਸਿੰਘ ਜਗਰਾਓਂ ਦੀਆਂ ਪੁਸਤਕਾਂ ਨੂੰ ਛੱਡ ਕੇ। ਤੁਹਾਡੀ ਲਿਖਤ ਵਿਚ ਪੁਸਤਕ ਦਾ ਪੂਰਾ ਨਾਂ, ਲੇਖਕ ਦਾ ਪੂਰਾ ਨਾਂ, ਪੁਸਤਕ ਦੀ ਭਾਸ਼ਾ ਤੇ ਵਿਧਾ (ਨਾਵਲ, ਕਹਾਣੀ, ਕਵਿਤਾ ਜਾਂ ਲੇਖ ਆਦਿ) ਬਾਰੇ ਵੇਰਵਾ ਜ਼ਰੂਰ ਹੋਣਾ ਚਾਹੀਦਾ ਹੈ। ਤੁਸੀਂ ਇਕ ਤੋਂ ਵੱਧ ਪੁਸਤਕਾਂ ਬਾਰੇ ਵੀ ਲਿਖ ਸਕਦੇ ਹੋ। ਰਚਨਾਵਾਂ ਪੰਜਾਬੀ ਵਿਚ ਹੀ ਹੋਣੀਆਂ ਚਾਹੀਦੀਆਂ ਹਨ।

ਕਿਉਂ ਕਿ 'ਮੰਚ' ਸਿਰਫ਼ ਬੱਚਿਆਂ ਦੀ ਪ੍ਰਤਿਭਾ ਨੂੰ ਅੱਗੇ ਲਿਆਉਣ ਲਈ ਜਤਨਸ਼ੀਲ ਹੈ, ਇਸ ਲਈ ਇਸ ਵਾਰ ਸਭ ਤੋਂ ਮੌਲਿਕ ਤੇ ਮਿਆਰੀ ਰਚਨਾ ਲਿਖਣ ਵਾਲੇ ਬੱਚੇ ਨੂੰ ਪੁਸਤਕ ਦਾ ਸੰਪਾਦਕ ਬਣਾ ਕੇ ਪੇਸ਼ ਕੀਤਾ ਜਾਏਗਾ। ਪੂਰੇ ਬਾਇਓਡਾਟੇ, ਘਰ ਦੇ ਪਤੇ ਤੇ ਫੋਨ ਨੰਬਰ ਸਮੇਤ ਤੁਹਾਡੀਆਂ ਰਚਨਾਵਾਂ 30 ਨਵੰਬਰ 2015 ਤੱਕ ਹੇਠ ਲਿਖੇ ਪਤੇ ਜਾਂ ਈਮੇਲ ਉੱਤੇ ਜ਼ਰੂਰ ਮਿਲ ਜਾਣੀਆਂ ਚਾਹੀਦੀਆਂ ਹਨ।

– ਜਸਪ੍ਰੀਤ ਸਿੰਘ ਜਗਰਾਓਂ
144/8, ਮੁਹੱਲਾ ਅਰੋੜਿਆਂ, ਨੇੜੇ ਸੈਫ਼ਾਬਾਦੀ ਗੇਟ, ਪਟਿਆਲਾ–147001
ਫੋਨ : 98722–33474 Email - jaspreetjagraon@hotmail.com

## A VERSATILE PERSONALITY - PROF.G.S.MEET

By Dr. Mohinderpal Singh Grewal (Rudrapur)
M.A.( HINDI ), Ph.d, D.Lit.
Ex-Prof. ,Guru Nanak College, Sri Ganga Nagar

Gurmeet Singh 'MEET' born on 17 March, 1957 at Khanpur Gandian in Distt. Patiala. He belongs to a middle class Jatt-Sikh family. He received his primary education from Govt. School, of his native village. He has keen interest in music from childhood & started singing in Saturday's Bal Sabha from second standard. Principal Dhanwant Singh (Rajpura) & Master Kirpal Singh encouraged him in music. After passing 6th class, he shifted to Rudrapur (Nainital) in 1970 where his father was doing transport business. He started learning music from a Ustad of Gurmat Sangeet, named S. Gurcharan Singh ji (Patiala Wale).He learnt Tabla for knowledge of rhythm from Sh. Subhash Chandra Rai & Master Manik with the inspiration of Ustad Gurcharan Singh . Unfortunately, there was not music subject in any school & college at Rudrapur, G.S.MEET faced so many difficulties in learing music. He learnt classical music from Sh. Nityanand Babu & Ustad Sukhan Lal Sharma of Gwaliar Gharana (Haldwani Wale) & passed Sangeet Prabhakar under his guidance from Prayag sangeet Samiti, Allahabad. Mr.MEET. has done his Sangeet Siksha Visharad from A.B.G.M.V.Mandal, Bombay. He has done Sangeet Visharad in Tabla & Sitar from PKK Chandigarh & additional B.A. in Sitar & Tabla From P.U.chandigarh. He has done GIANI from P.U. Patiala & M.A.(Eco.) from Kumaun University Nainital. He has also done double M.A. in Music (Vocal & Instrumental) from P.U. Chandigarh. He learnt different styles of Gaayan & Vaadan from the Ustad of specific style.

G.S.MEET has consistent interest in doing difficult & challenging works. He learnt a bow instrument, Violin from Ustad Liyakat Ali (A.I.R., Nazibabad), & Sh. Manhar (Dehradun). Dilruba is his favourite instrument which is popular in Gurmat Sangeet. He is disciple of Ustad Om Prakash Mohan (A.I.R., Delhi) & S. Dharam Singh 'Jhalla' (Dehradun Wale) in Dilruba. He learnt Thumari, Kafi & Ghazal Gayan from Ustad Lachhman Das Sandhu of Patiala Gharana (Outstanding Artiste of A.I.R. ). He learnt Notation of western music & Chords system from Neeraj Sharma (Guitarist,Pianoist of Chandigarh). He is really thankful to his teachers & friends for their contribution in learning music. G.S.MEET accepts humbly that his four step travel of music was impossible without the cooperation of his friends & grace of God.

He worked as a music director in some audio cassettes & Fauji Rajpuri's cassette 'Ishake Da Rog Chandra' is one of them for special consideration. He has also released his own cassette of Gurbani Kirtan 'Tera Naam Wakhar Wapaar Ji' to serve Sikh Congregation. He has served as a music teacher in 'Guru Nanak Academy, Dehradun during 1980-81. After leaving service, he ran his own music college 'Meet Musical Institute' in Rudrapur (at present known as Udham Singh Nagar) which was affiliated with A.B.G.M.V.Mandal, Bombay.

After anti sikh riots of 1984, he left Rudrapur forever & has shifted to Chandigarh. He has started his own music college 'Meet Musical Institute' Chandigarh which was affiliated with PKK Chandigarh. G.S.MEET is serving in music department of GGS College for women, sector-26 Chandigarh, since 1985. He is preaching principles of Gurmat through Shabad-Kirtan. He has visited Bangkok, Hongkong, China, Singapore & Canada.

He has written a book on GURMAT SANGEET (Practical and Theory). It contains Notations of "ASA KI WAR" and related Shabads in 24 RAGAS of morning and a chapter on Tabla (Talas and Variations). Unfortunately, it is not published due to want of funds. G.S.MEET is a good Singer, Player & Composer. He has composed so many tunes in classical Ragas & light music. He is able to compose his own tune at the spot. There are so many Ragies and music lovers which are taking advantages of his teaching skills.

G.S.MEET is fond of digital recording. Few years ago, in 2009, he has got success in font making, to write notation of Grmat Sangeet, Indian classical & light music in five Saptak (60 Swaras ). It is easy to write KOMAL & TEEVAR swaras, MEEND & KANN (grace note) of both type, with the help of these three fonts in three languages i.e., Sargam_Panjabi, Sargam_Hindi, & Sargam_English. You can use any word processor to write notation. You can write notation in any one of three languages & convert it in any other one language by selecting all text and specific font in MS Word. For example:

Sargam_Panjabi Font ਸ਼ਾਰ੍ਰਗ੍ਗਮ੍ਮਂਪਧ੍ਧਨਿ੍ਨਿ

ਸਾਰ੍ਰਗ੍ਗਮਮਂਪਧ੍ਧਨਿ੍ਨਿ

ਸਾਰ੍ਰਗ੍ਗਮਮਂਪਧ੍ਧਨਿ੍ਨਿ

ਸਾਰ੍ਰਗ੍ਗਮਮਂਪਧ੍ਧਨਿ੍ਨਿ

ਸਾਰ੍ਰਗ੍ਗਮਮਂਪਧ੍ਧਨਿ੍ਨਿ

ਸਪਿ--,ਮਪ ਮਗ੍--, ਗਰ ਗਰ ਮ-ਪ----॥

Sargam_Hindi Font सारॖरगॖगमम॑पधॖधनिॖनि

सारॖरगॖगमम॑पधॖधनिॖनि

सारॖरगॖगमम॑पधॖधनिॖनि

सारॖरगॖगमम॑पधॖधनिॖनि

सारॖरगॖगमम॑पधॖधनिॖनि

सपि--,मप मगॖ--, गर गर म-प----॥

Sargam_English Font S R̲RG̲GMMPD̲D N̲ N

S R̲RG̲GMMPD̲D N̲ N

S R̲RG̲GMMPD̲D N̲ N

Ṡ R̲RG̲GMMPD̲D N̲N

S̈ R̲RG̲GMMPD̲D N̲ N

SP--,MP MG̲--, GR GR M-P----॥

You can contact to Prof.G.S.MEET to get free fonts.

E-mail: gsmeet57@gmail.com
Mobile: 91-8288004726

# ਪ੍ਰੋ. ਕਰਤਾਰ ਸਿੰਘ ਗੁਰ ਸ਼ਬਦ ਸੰਗੀਤ ਅਕੈਡਮੀ ਫਗਵਾੜਾ

ਸੁਖਵਿੰਦਰ ਸਿੰਘ ਸਾਗਰ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਦੇ ਭਲੇ ਲਈ ਇਕ ਵਿੱਲਖਣ ਪ੍ਰਣਾਲੀ ਦੀ ਬਖਸ਼ਿਸ਼ ਕੀਤੀ । ਇਨਸਾਨ ਨੂੰ ਅਕਾਲ ਪੁਰਖ ਦੀ ਸਿਫਤ ਸਲਾਹ ਗਾਇਨ ਦੁਆਰਾ ਕਰਨ ਦੀ ਜੁਗਤ ਦੱਸੀ। ਗੁਰੂ ਜੀ ਨੇ ਸਾਰੀ ਬਾਣੀ ਗਾਇਨ ਦੁਆਰਾ ਉਚਾਰੀ । ਗੁਰੂ ਜੀ ਕਹਿੰਦੇ ਮਰਦਾਨਿਆਂ ਰਬਾਬ ਛੇੜ ਬਾਣੀ ਆਈ ਹੈ ਕਾਈ ਸਿਫਤ ਸਾਂਈ ਦੀ ਕਰੀਏ। ਗੁਰੂ ਸਾਹਿਬਾਨ ਜੀ ਨੇ ਕਈ ਨਵੇਂ ਰਾਗਾਂ ਕਈ ਨਵੀਆਂ ਗਾਇਨ ਸ਼ੈਲੀਆਂ ਵਿੱਚ ਬਾਣੀ ਦਰਜ ਕਰ ਕਿ ਸੰਸਾਰ ਨੂੰ ਵਿਲੱਖਣ ਗੁਰਮਤਿ ਸੰਗੀਤ ਦੀ ਦਾਤ ਦੀ ਬਿਖਸ਼ਿਸ ਕੀਤੀ। ਦਸ ਗੁਰੂ ਸਾਹਿਬਾਨ ਜੀ ਦੇ ਜੀਵਨ ਕਾਲ ਵਿੱਚ ਅਨੇਕਾਂ ਰਬਾਬੀ, ਢਾਡੀ ਤੇ ਕੀਰਤਨਕਾਰਾਂ ਨੇ ਗੁਰੂ ਜੀ ਵੱਲੋਂ ਸਥਾਪਿਤ ਕੀਰਤਨ ਪ੍ਰੰਪਰਾ ਅਨੁਸਾਰ ਕੀਰਤਨ ਸੇਵਾ ਨਿਭਾਉਦੇ ਰਹੇ। ਗੁਰੂ ਕਾਲ ਤੋਂ ਬਾਅਦ ਵਿੱਚ ਅਨੇਕਾਂ ਟਕਸਾਲਾਂ ਵਿੱਚ ਗੁਰਮਤਿ ਸੰਗੀਤ ਦੀ ਸਿਖਲਾਈ ਦੇ ਕਾਰਜ ਚਲਦੇ ਰਹੇ। ਵੀਹਵੀ ਸਦੀ ਵਿੱਚ ਜਿਆਦਾਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮਾਨਿਤ ਰਾਗਾਂ ਵਿੱਚ ਕੀਰਤਨ ਕਰਨ ਦੀ ਰੂਚੀ ਘਟਦੀ ਗਈ ਤੇ ਗਾਣਿਆ ਦੀ ਧੁਨਾਂ ਤੇ ਜਿਆਦਾ ਕੀਰਤਨ ਕੀਤਾ ਜਾਣ ਲੱਗਾ ਜੋ ਚਿੰਤਾ ਦਾ ਵਿਸ਼ਾ ਸੀ। ਪੰਜਾਬ ਵਿੱਚ ਕੀਰਤਨ ਦੀ ਸਿਖਲਾਈ ਲਈ ਅਨੇਕਾਂ ਹੀ ਵਿਦਿਆਲੇ ਚੱਲ ਰਹੇ ਹਨ ਫਿਰ ਵੀ ਗੁਰੂ ਸਾਹਿਬ ਜੀ ਵੱਲੋਂ ਚਲਾਈ ਕੀਰਤਨ ਪ੍ਰੰਪਰਾਗਤ ਅਨੁਸਾਰ ਕੀਰਤਨ ਕਰਨ ਵਾਲੇ ਜਥਿਆਂ ਦੀ ਦੀ ਗਿਣਤੀ ਬਹੁਤ ਘਟਦੀ ਜਾ ਰਹੀ, ਕੀਰਤਨ ਦੇ ਮਿਆਰ ਵਿੱਚ ਆ ਰਹੀ ਗਿਰਾਵਟ ਨੂੰ ਰੋਕਣ ਲਈ 1960 ਤੋਂ ਨਿਰੰਤਰ ਅਣਥੱਕ ਯਤਨਸ਼ੀਲ ਪ੍ਰੋ. ਕਰਤਾਰ ਸਿੰਘ ਜੀ ਸਕੂਲਾਂ ਤੇ ਕਾਲਜਾਂ ਤੇ ਪੱਥਰ ਤੇ ਸ਼ਬਦ ਕੀਰਤਨ ਪਰੀਯੋਗਤਾਵਾਂ ਦੀ ਅਰੰਭਤਾ ਕੀਤੀ ਤੇ ਹੋਰਨਾ ਨੂੰ ਪ੍ਰੇਰਨਾਂ ਦਿੱਤੀ ਅੱਜ ਕੱਲ ਪੜਤਾਲ ਗਾਇਨ ਸ਼ੈਲੀ ਕੀਰਤਨ ਪ੍ਰਤੀਯੋਗਤਾਵਾਂ ਦਾ ਜਰੂਰੀ ਅੰਗ ਬਣ ਗਿਆ ਹੈ। ਸਾਲ 1999 ਤੋਂ ਆਪ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਦੇ ਡਾਇਰੈਕਟਰ ਦੀ ਸੇਵਾ ਨਿਭਾ ਰਹੇ ਹਨ ਜੀ ਵੱਲੋਂ ਕੀਤੇ ਨਿਗਰ ਕਾਰਜ ਕਰਕੇ ਇਕ ਕਾਫਲਾ ਤਿਆਰ ਹੋਇਆ ਜੋ ਗੁਰਮਤਿ ਸੰਗੀਤ ਦੇ ਪ੍ਰਚਾਰ ਵਿੱਚ ਨਿਰੰਤਰ ਲੱਗਿਆ ਹੋਇਆ ਹੈ ਇਸੇ ਲੜੀ ਨੂੰ ਅੱਗੇ ਤੋਰਦੇ ਹੋਏ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪੁਰਾਣੀ ਸਬਜੀ ਮੰਡੀ ਬੰਗਾ ਰੋਡ ਫਗਵਾੜਾ ਕਮੇਟੀ ਨੇ ਪੁਰਤਾਨ ਕੀਰਤਨ ਮਰਿਯਾਦਾ ਅਨੁਸਾਰ ਕੀਰਤਨ ਸਿਖਲਾਈ ਕਰਵਾਉਣ ਲਈ ਦੇ ਉਦੇਸ਼ ਨਾਲ ਸ੍ਰੱਪ੍ਰਸਤ ਡਾ. ਜੀ. ਵੀ. ਸਿੰਘ, ਪ੍ਰਧਾਨ ਕਿਰਪਾਲ ਸਿੰਘ, ਜਨਰਲ ਸਕੱਤਰ ਜਗਦੀਪ ਸਿੰਘ, ਪਰਮਿੰਦਰ ਸਿੰਘ ਖਜਾਨਚੀ ਤੇ ਇਲਾਕੇ ਦੀਆਂ ਸੰਗਤਾਂ ਨੇ ਗੁਰ ਸ਼ਬਦ ਸੰਗੀਤ ਅਕੈਡਮੀ ਖੋਲਣ ਦਾ ਫੈਸਲਾ ਫਿਰ ਵੀਚਾਰ ਹੋਈ ਕਿ ਨਾਮ ਕੀ ਰੱਖਿਆ ਜਾਵੇ ਫਿਰ ਰਾਏ ਆਈ ਕਿ ਜੋ ਅੱਕ ਕੱਲ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੰਮ ਕਰ ਰਹੇ ਹਨ ਉਹਨਾਂ ਵਿੱਚੋ ਪ੍ਰੋ. ਕਰਤਾਰ ਸਿੰਘ ਦੇ ਨਾਮ ਤੇ ਵਿਦਿਆਲਾ ਖੋਲਣ ਦਾ ਫੈਸਲਾ ਕੀਤਾ। ਪ੍ਰੋ. ਕਰਤਾਰ ਸਿੰਘ ਜੀ ਨੂੰ ਗੁਰਮਤਿ ਸੰਗੀਤ ਦੇ ਪ੍ਰਚਾਰ ਕਰਨ ਤੇ ਭਾਰਤ ਸਰਕਾਰ ਵੱਲੋਂ ਸੰਗੀਤ ਨਾਟਕ ਅਕੈਡਮੀ ਤੇ ਫਿਰ ਟੈਗੋਰ ਰਤਨ ਅਵਾਰਡ, ਸਿੱਖ ਵਰਲਡ ਸੁਸਾਇਟੀ ਵੱਲੋਂ ਸਿੱਖ ਲਾਈਫ ਟਾਇਮ ਐਚੀਵਮੈਂਟ ਪੁਰਸਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼੍ਰੋਮਣੀ ਰਾਗੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਸੀਨੀਅਰ ਫੈਲੋਸ਼ਿਪ, ਤਖਤ ਸ੍ਰੀ ਕੇਸਗੜ੍ਹ ਸਾਹਿਬ ਵੱਲੋ ਭਾਈ ਮਰਦਾਨਾ ਅਵਾਰਡ ਗਲੋਬਲ ਸਿੱਖ ਐਜੂਕੇਸ਼ਨ ਫਾਊਂਡੇਸ਼ਨ ਤੇ ਅਨੇਕਾਂ ਹੀ ਹੋਰ ਮਾਨ ਸਨਮਾਨ ਗੁਰਮਤਿ ਸੰਗੀਤ ਨੂੰ ਸਮਰਪਿਤ ਪ੍ਰੋ. ਕਰਤਾਰ ਸਿੰਘ ਜੀ ਮਿਲ ਚੱਕੇ ਹਨ। ਪਿਛਲੇ ਦਿਨੀ ਕੀਰਤਨ ਸਮਾਗਮ ਸਮੇਂ ਪ੍ਰੋ. ਕਰਤਾਰ ਸਿੰਘ ਗੁਰ ਸ਼ਬਦ ਸੰਗੀਤ ਅਕੈਡਮੀ ਦਾ ਉਦਘਾਟਨ ਭਾਈ ਮਨਿੰਦਰ ਸਿੰਘ ਸ਼੍ਰੀ ਨਗਰ ਵਾਲੇ ਵਲੋਂ ਪ੍ਰੋ. ਕਰਤਾਰ ਸਿਘ ਜੀ ਦੀ ਹਾਜਰੀ ਵਿੱਚ ਸੰਗਤਾਂ ਜੈਕਾਰਿਆ ਦੀ ਗੂਜ ਵਿੱਚ ਕੀਤਾ ਗਿਆ ਇਸ ਸਮਾਗਮ ਵਿੱਚ ਡਾ. ਕਵਲਜੀਤ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਇੰਦਰਜੀਤ ਸਿੰਘ ਬਿੰਦੂ ਜੀ, ਪ੍ਰੋ. ਅਰਸ਼ਪ੍ਰੀਤ ਸਿੰਘ ਰਿਦਮ, ਪ੍ਰੋ. ਸੁਖਵਿੰਦਰ ਸਿੰਘ ਸਾਗਰ ਤੇ ਗੁਰਦੁਆਰਾ ਸਾਹਿਬ ਦੀ ਸਾਰੀ ਮੈਨੇਜਮੈਂਟ ਤੇ ਹਜਾਰਾਂ ਦੀ ਗਿਣਤੀ ਵਿੱਚ ਸੰਗਤਾ ਦੀ ਹਾਜਰੀ ਵਿੱਚ ਕੀਤਾ ਗਿਆ। ਇਸ ਅਕੈਡਮੀ ਵਿਚ ਸਮੇਂ ਸਮੇਂ ਪ੍ਰੋ. ਕਰਤਾਰ ਸਿੰਘ ਜੀ ਕੀਰਤਨ ਸਿਖਲਾਈ ਦੇਣਗੇ ਰੋਟੀਨ ਵਿੱਚ ਭਾਈ ਪ੍ਰੀਤਮ ਸਿੰਘ, ਭਾਈ ਹਰਮੀਤ ਸਿੰਘ ਤਬਲਾ ਸਿਖਲਾਈ ਤੇ ਭਾਈ ਰਵਿੰਦਰ ਸਿੰਘ ਰਬਾਬ ਵਾਦਕ ਇਸ ਅਕੈਡਮੀ ਦੀਆਂ ਕਲਾਸਾਂ ਸ਼ਾਮ 8 ਤੋਂ 9:30 ਵਜੇ ਤੱਕ ਲੈਂਦਦੇ ਹਨ ਤੇ ਗੁਰਸਿਖ ਬੱਚੇ ਬੱਚੀਆਂ ਸਿਖਲਾਈ ਪ੍ਰਾਪਤ ਕਰ ਰਹੇ ਹਨ। ਅਕਾਲ ਪੁਰਖ ਜੀ ਇਸ ਅਕੈਡਮੀ ਨੂੰ ਹਮੇਸ਼ਾ ਚੜਦੀਕਲਾਂ ਵਿੱਚ ਰਖਣ ਇਹੀ ਅਰਦਾਸ ਹੈ।

ਸੁਖਵਿੰਦਰ ਸਿੰਘ ਸਾਗਰ
ਸੰਗੀਤ ਅਧਿਆਪਕ ਗੁਰਮਤਿ ਸੰਗੀਤ ਅਧਿਆਪਕ ਸ੍ਰੀ ਅਨੰਦਪੁਰ ਸਾਹਿਬ
ਮੋ: 87250-02015 ਈ ਮੇਲ: sssagar111@yahoo.com

# ਰਾਗ ਭੈਰਵ (ਝੱਪ ਤਾਲ ਮਾਤਰਾ 10)

ਕਮਲੇਸ਼ ਇੰਦਰ ਸਿੰਘ (ਮੋ. +91-81469 92454)

1. ਸੁਰ- ਰੁ ਧੁ ਕੋਮਲ
2. ਥਾਟ- ਭੈਰਵ
3. ਜਾਤੀ- ਸੰਪੂਰਣ ਸੰਪੂਰਣ
4. ਸਮਾਂ- ਸਵੇਰ ਦਾ
5. ਵਾਦੀ - ਧੁ
   ਸੰਵਾਦੀ- ਰੁ
6. ਆਰੋਹ- ਸ ਰੁ ਗ ਮ ਪ ਧ ਨ ਸਂ
   ਅਵਰੋਹ- ਸਂ ਨ ਧੁ ਪ ਮ ਗ ਰੁ ਸ
7. ਮੁੱਖ ਅੰਗ- ਸ ਰੁ ਗ ਮ ਪ ਗ ਮ ਧੁ ਧੁ ਪ

ਸਥਾਈ :-

| | | | | | | | | | |
|---|---|---|---|---|---|---|---|---|---|
| × | 2 | | 0 | 3 | | | | | |
| 1 | 2 | 3 | 4 | 5 | 6 | 7 | 8 | 9 | 10 |
| ਧੁ | - | ਪ | - | ਧੁ | ਮ | - | ਪ | ਗ | ਮ |
| ਸਾਂ | S | ਤਿ | S | ਪਾ | ਈ | S | ਗੁ | S | ਰਿ |
| ਰੇੁ | ਰੇੁ | ਗਮ | ਪ | ਮ | ਗ | ਰੇੁ | ਸ | - | - |
| ਸ | ਤਿ | ਗੁS | S | ਰਿ | ਪੂ | S | ਰੇ | S | S |
| ਮ | ਮ | ਗ | - | ਮ | ਪ | - | ਧੁ | ਪ | ਧੁ |
| ਸੁ | ਖ | ਉ | S | ਪ | ਜੇ | S | ਬਾ | S | ਜੇ |
| ਸਂ | ਸਂ | ਸਂ | - | ਸਂ | ਨੀਰੇਂੁ | ਸਾਂਨੀ | ਧੁਪ | ਮਗੁ | ਮ- |
| ਅ | ਨ | ਹ | S | ਦ | ਤਾਂ<sup>S</sup> | SS | ਰ/S | SS | SS |

ਅੰਤਰਾ :-

| | | | | | | | | | |
|---|---|---|---|---|---|---|---|---|---|
| ਮ | - | ਧੁ | ਪ | ਧੁ | ਸਂ | - | ਸਂ | - | ਸਂ |
| ਤਾ | S | ਪ | S | S | ਪਾ | S | ਪ | S | ਸੰ |
| ਰੇਂੁ | - | ਰੇਂੁ | ਸਂ | ਸਂ | ਨੀਰੇਂੁ | ਸਾਂਨੀ | ਧੁਪ | ਮਗੁ | ਮ- |
| ਤਾ | S | ਪ | S | ਬਿ | ਨਾ | SS | ਸ/S | SS | SS |
| ਸਂ | ਰੇਂੁ | ਗਂ | - | ਮ | ਗਂ | ਰੇੁ | ਸਂ | - | ਸਂ |
| ਹ | ਰਿ | ਸਿ | S | ਮ | ਰ | ਤ | ਕਿ | S | ਲ |
| ਸਂ | ਸਂ | ਸਂ | - | ਸਂ | ਨੀਰੇਂੁ | ਸਾਂਨੀ | ਧੁਪ | ਮਗੁ | Sਮ |
| ਵਿ | ਖ | ਸ | S | ਭਿ | ਨS | SS | ਸ/S | SS | SS |

ਨੋਟ:- ਇਹ ਪੁਰਾਤਨ ਰੀਤ ਮੈਨੂੰ ਸੰਤ ਗਿਆਨੀ ਤੇਜਾ ਸਿੰਘ ਅਤੇ ਰਾਗੀ ਅਮਰਜੀਤ ਸਿੰਘ (ਸੁਨਾਮ) ਤੋਂ ਪ੍ਰਾਪਤ ਹੋਈ।

## ਸਵਰ ਲਿਪੀ ਵਾਲੇ ਸ਼ਬਦ ਦੇ ਅਰਥ

ਬਿਲਾਵਲ ਮਹਲਾ ੫ ॥

bilaaval mehalaa 5 ॥

ਸਾਂਤਿ ਪਾਈ ਗੁਰ ਸਤਿਗੁਰਿ ਪੂਰੇ ॥

The Guru, the Perfect True Guru, has blessed me
With peachand tranquility.

ਸੁਖ ਉਪਜੇ ਬਾਜੇ ਅਨਹਦ ਤੂਰੇ ॥ ਰਹਾਉ ॥

Peace and joy have welled up, and the mystical
Trumpets of the unstruck sound current vibrate.
॥1॥Pause॥

ਤਾਪ ਪਾਪ ਸੰਤਾਪ ਬਿਨਾਸੇ ॥

Sufferings, sins and affictions have been disppelled

ਹਰਿ ਸਿਰਮਤ ਕਿਲਵਿਖ ਸਭਿ ਨਾਸੇ ॥੧॥

Remembering the Lord in meditation, all sinful
Mistakes have been erased ॥1॥

ਅਨਦੁ ਕਰਹੁ ਮਿਲਿ ਸੁੰਦਰ ਨਾਰੀ ॥

Joining togetherm O beautiful soul-brides, celebrate
And many merry

ਗੁਰਿ ਨਾਨਕਿ ਮੇਰੀ ਪੈਜ ਸਵਾਰੀ ॥੨॥੩॥੨੧॥

Guru Nanak has saved my honor

# ਪ੍ਰੋ. ਕਰਤਾਰ ਸਿੰਘ ਜੀ ਨੂੰ ਸ਼੍ਰੋਮਣੀ ਰਾਗੀ ਅਵਾਰਡ

ਸੁਖਵਿੰਦਰ ਸਿੰਘ ਸਾਗਰ

ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵਲੋਂ 18 ਵੱਖ ਵੱਖ ਵੰਨਗੀਆਂ ਦੇ ਅੰਤਰਗਤ 2012 ਤੋਂ 2014 ਤਿੰਨ ਸਾਲਾ ਦੇ ਅਵਾਰਡਾਂ ਦਾ ਐਲਾਨ ਕੀਤਾ ਗਿਆ ਜਿਹਨਾਂ ਵਿੱਚ ਵਿੱਸ਼ਵ ਪ੍ਰਸਿੱਧ ਸੰਗੀਤ ਅਚਾਰੀਆ ਪ੍ਰੋ ਕਰਤਾਰ ਸਿੰਘ ਡਾਇਰੈਕਟਰ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਨੂੰ ਪੰਜਾਬ ਸਰਕਾਰ ਨੇ 2013 ਦਾ ਸ੍ਰੋਮਣੀ ਰਾਗੀ ਅਵਾਰਡ ਦੇਣ ਦਾ ਫੈਸਲਾ ਕੀਤਾ ਜਿਸ ਨਾਲ ਸੰਗੀਤ ਤੇ ਗੁਰਮਤਿ ਸੰਗੀਤ ਪ੍ਰੇਮੀਆਂ ਨੂੰ ਹੋਰ ਦ੍ਰਿੜਤਾ ਨਾਲ ਲਗੇ ਰਹਿਣ ਦੀ ਪ੍ਰੇਣਾ ਤੇ ਉਤਸ਼ਾਹ ਮਿਲਿਆ। ਗੁਰਮਤਿ ਸੰਗੀਤ ਦੀ ਪ੍ਰੰਪਰਾਗਤ ਸ਼ੈਲੀ ਨੂੰ ਜੀਵਤ ਰੱਖਣ ਦਾ ਜਦੋਂ ਵੀ ਜ਼ਿਕਰ ਆਉਂਦਾ ਹੈ ਤਾਂ ਗੁਰਮਤਿ ਸੰਗੀਤ ਦੇ ਮਾਰਤੰਡ, ਬਾਬਾ ਬੋਹੜ੍ਹ ਪ੍ਰੋ. ਕਰਤਾਰ ਸਿੰਘ ਜੀ ਦਾ ਨਾਮ ਮੋਹਰਲੀ ਕਤਾਰ ਵਿੱਚ ਆਉਦਾਂ ਹੈ।

ਆਪ ਦਾ ਜਨਮ 3 ਅਪ੍ਰੈਲ 1928 ਨੂੰ ਸ. ਅਤਰ ਸਿੰਘ ਜੀ ਮਾਤਾ ਸਰਦਾਰਨੀ ਹਰਨਾਮ ਕੋਰ ਜੀ ਦੇ ਘਰ ਪਿੰਡ ਘੁੰਮਣਕੇ ਡਾਕਖਾਨਾ ਬਘਿਆਣਾ ਕਲਾਂ ਤਹਿ. ਚੂਣੀਆਂ ਜ਼ਿਲ੍ਹਾ ਲਾਹੌਰ ਪਾਕਿਸਤਾਨ ਵਿਖੇ ਹੋਇਆ 1941 ਤੋਂ ਉਸਤਾਦ ਗਿਆਨੀ ਗੁਰਚਰਨ ਸਿੰਘ ਜੀ ਤੋਂ ਫਿਰ ਭਾਈ ਸੁੰਦਰ ਸਿੰਘ ਜੀ ਕਸੂਰ ਵਾਲੇ, ਭਾਈ ਦਲੀਪ ਸਿੰਘ ਜੀ ਗਾਇਨ ਅਚਾਰੀਆ, ਜੇ. ਐਸ. ਭੰਵਰਾ ਜੀ, ਸ੍ਰੀ ਬਲਵੰਤ ਰਾਏ ਜੀ ਜਸਵਾਲ ਜੀ ਪਾਸੋਂ ਤਾਲੀਮ ਪ੍ਰਾਪਤ ਕੀਤੀ।

ਆਪ ਦੇ ਪਰਿਵਾਰ ਵਿੱਚ ਪਤਨੀ ਸਵਰਨ ਕੌਰ ਦੋ ਪੁਤਰੀਆਂ ਸੁਖਬੀਰ ਕੌਰ, ਮਨਜੀਤ ਕੌਰ, ਤਿੰਨ ਸਪੁੱਤਰ ਸ. ਅਮਰਜੀਤ ਸਿੰਘ ਐਡਵੋਕੇਟ, ਸ. ਅੰਮ੍ਰਿਤਪਾਲ ਸਿੰਘ ਇੰਨਜੀਨੀਅਰ, ਸਵਾ. ਸ. ਇੰਦਰਪਾਲ ਸਿੰਘ ਹਨ।

ਆਪ ਜੀ ਨੇ ਕੀਰਤਨ ਸੰਗਤ ਭਾਈ ਪੂਰਨ ਸਿੰਘ ਰਾਗੀ (ਤਰਨਤਾਰਨ) ਭਾਈ ਅਮੋਲਕ ਸਿੰਘ (ਲਾਹੌਰ) ਤੇ ਭਾਈ ਕਰਮਾ ਜੀ ਰਬਾਬੀ ਨਾਲ ਕੀਤੀ ਤੇ ਕੀਰਤਨ ਸੇਵਾ ਜੋ 1945 ਤੋਂ ਗੁਰਦੁਆਰਾ ਸਿੰਘ ਸਭਾ ਮੰਡੀ ਰੀਨਾਲਾ ਖੁਰਦ ਜਿਲ੍ਹਾ ਮਿੰਟਗੁਮਰੀ (ਪਾਕਿਸਤਾਨ), ਗੁਰਦੁਆਰਾ ਸਿੰਘ ਸਭਾ, ਗੁਜਰਾਂਵਾਲਾ (ਪਾਕਿਸਤਾਨ), ਗੁਰਦੁਆਰਾ ਮੰਜੀ ਸਾਹਿਬ, ਕਰਨਾਲ ਗੁਰਦੁਆਰਾ ਦੁਆਬਾ ਸਿੰਘ ਸਭਾ ਜਲੰਧਰ, ਗੁਰਦੁਆਰਾ ਕਲਗੀਧਰ ਸਿੰਘ ਸਭਾ, ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਇਹਨਾਂ ਗੁਰ ਅਸਥਾਨਾਂ ਤਕਰੀਬਨ 24 ਸਾਲ ਕੀਰਤਨ ਸੇਵਾ ਨਿਭਾਈ ਤੇ 1968 ਤੋਂ ਸੰਗੀਤ ਅਧਿਆਪਕ ਵਜੋਂ ਤਿੰਨ ਸੈਸ਼ਨ ਮਾਲਵਾ ਸੈਂਟਰਲ ਕਾਲਜ ਆਫ਼ ਐਜੂਕੇਸ਼ਨ, ਲੁਧਿਆਣਾ, 1971 ਤੋਂ 1997 ਤੱਕ ਗੁਰੂ ਨਾਨਕ ਗਰਲਜ਼ ਕਾਲਜ, ਮਾਡਲ ਟਾਊਨ, ਲੁਧਿਆਣਾ ਵਿੱਚ ਸੰਗੀਤ ਵਿਭਾਗ ਦੇ ਮੁਖੀ ਤੇ 17 ਦਸੰਬਰ 1999 ਤੋਂ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਡਾਇਰੈਕਟਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ,ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ, ਥਿਯੂਰੀ ਤੇ ਪ੍ਰੈਕਟੀਕਲ ਸੰਗੀਤ ਗਾਇਨ ਤੇ ਵਾਦਨ ਵਿਸ਼ਿਆਂ ਲਈ ਤਕਰੀਬਨ ਪੰਜ ਦਹਾਕਿਆਂ ਤੋਂ ਕੰਮ ਕਰ ਰਹੇ ਹਨ। ਸ੍ਰੋ. ਗੁ. ਪ੍ਰ ਕਮੇਟੀ ਅੰਮ੍ਰਿਤਸਰ ਵਲੋਂ ਪਿਛਲੇ ਕਈ ਦਹਾਕਿਆਂ ਤੋਂ ਮਨਾਈਆ ਗਈਆਂ ਪੰਥਕ ਸ਼ਤਾਬਦੀਆਂ ਵਿੱਚ ਰਾਗ ਅਧਾਰਿਤ ਕੀਰਤਨ ਦਰਬਾਰਾਂ ਵਿੱਚ ਕੀਰਤਨ ਸੇਵਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਲੋਂ ਹਰ ਸਾਲ ਹੋਲੇ ਮਹੱਲੇ ਦੇ ਸਮਾਗਮਾਂ ਵਿੱਚ ਬਸੰਤ ਕੀਰਤਨ ਦਰਬਾਰ, ਵਿਸ਼ਾਖੀ ਸਮੇਂ ਦਸਮ ਬਾਣੀ ਦੇ ਰਾਗ ਅਧਾਰਤ ਕੀਰਤਨ ਸੇਵਾ ਤੇ ਹਰ ਬੁੱਧਵਾਰ ਕਲਿਆਣ ਦੀ ਪਹਿਲੀ ਚੌਕੀ ਦੀ ਕੀਰਤਨ ਸੇਵਾ ਨਿਰੰਤਰ ਨਿਭਾਈ ਜਾ ਰਹੀ ਹੈ।ਆਪ ਸਮੇਂ ਸਮੇਂ ਸ੍ਰੀ ਦਰਬਾਰ ਸਾਹਿਬ ਦੇਸ਼ ਵਿਦੇਸ਼ ਦੇ ਪ੍ਰਮੁੱਖ ਕੀਰਤਨ ਸਮਾਗਮਾਂ ਵਿੱਚ ਕੀਰਤਨ ਸੇਵਾ ਨਿਭਾ ਰਹੇ ਹਨ ।ਆਪ ਨੇ ਸੈਂਕੜੇ ਹੀ, ਸੰਗੀਤ ਅਧਿਆਪਕ, ਪ੍ਰੋਫੈਸਰ ਤੇ ਤੰਤੀ ਸਾਜਾਂ ਨਾਲ ਕੀਰਤਨ ਕਰਨ ਵਾਲੇ ਰਾਗੀ ਜੱਥਿਆਂ ਦਾ ਇਕ ਵਿਸ਼ਾਲ ਕਾਫਲਾ ਤਿਆਰ ਕੀਤਾ ਜੋ ਅਲੋਪ ਹੋ ਚੁੱਕੀ ਪ੍ਰੰਪਰਾਗਤ ਕੀਰਤਨ ਸ਼ੈਲੀ ਨੂੰ ਪੁਨਰ ਸੁਰਜੀਤ ਕਰਨ ਲਈ ਨਿਰੰਤਰ ਯਤਨਸ਼ੀਲ ਹੈ। ਗੁਰੂ ਘਰ ਦੀ ਪੁਰਾਤਨ

ਕੀਰਤਨ ਮਰਿਯਾਦਾ ਨੂੰ ਹੋਰ ਸੁੱਚਜੇ ਢੰਗ ਨਾਲ ਲਾਗੂ ਕਰਨ ਲਈ ਗੁਰਸਿੱਖ ਬੱਚਿਆਂ ਨੂੰ ਕੀਰਤਨ ਦੀ ਵੱਡਮੁਲੀ ਦਾਤ ਦੇਣ ਵਿੱਚ ਨਾ ਥੱਕਦੇ ਨਾ ਅੱਕਦੇ ਪੰਥ ਦੇ ਅਨਮੋਲ ਹੀਰੇ ਪ੍ਰੋ. ਕਰਤਾਰ ਸਿੰਘ ਜੀ ਸੰਗੀਤ ਅਚਾਰੀਆਂ ਜੀ ਦੇ ਬਹੁਤ ਹੀ ਰਿਣੀ ਹਾਂ ਜਿਹਨਾਂ ਨੇ ਗੁਰਮਤਿ ਸੰਗੀਤ ਦੀ ਦਾਤ ਅਤੇ ਹੋਰ ਬਹੁਤ ਸਾਰੇ ਚੰਗੇ ਸੰਸਕਾਰ ਪਾ ਕੇ ਸਿੱਖ ਪੰਥ ਦੇ ਪ੍ਰਮੁੱਖ ਗੁਰ ਅਸਥਾਨਾਂ ਤੇ ਗੁਰਬਾਣੀ ਕੀਰਤਨ ਕਰਨ ਯੋਗ ਰਾਗੀ ਜਥੇ ਤਿਆਰ ਕੀਤੇ ਗੁਰਬਾਣੀ ਅਨੁਸਾਰ"ਓਇ ਭੀ ਚੰਦਨ ਹੋਇ ਰਹੇ ਬਸੇ ਜੁ ਚੰਦਨ ਪਾਸ"॥

ਆਪ ਜੀ ਪਹਿਲੀ ਪੁਸਤਕ 'ਗੁਰਬਾਣੀ ਸੰਗੀਤ ਦਰਪਣ' ਜੋ ਬਹੁਤ ਹੀ ਸਰਲ ਤਰੀਕੇ ਨਾਲ ਸਿਖਲਾਈ ਲਈ ਰਚਿਤ ਕੀਤੀ ਹੈ। ਦੂਸਰੀ 'ਗੁਰੂ ਅੰਗਦ ਦੇਵ ਸੰਗੀਤ ਦਰਪਣ' ਪਾ: ਦੂਜੀ ਦੇ 63 ਸਲੋਕਾਂ ਤੇ ਉਹਨਾਂ ਦੀ ਉਸਤਤ ਵਿਚ ਉਚਾਰੀ ਬਾਣੀ ਨੂੰ ਗੁਰਮਤਿ ਸੰਗੀਤ ਤੇ ਭਾਰਤੀ ਸੰਗੀਤ ਦੇ ਰਾਗਾਂ ਵਿੱਚ ਲਿੱਪੀ ਬੱਧ ਕੀਤਾ ਗਿਆ ਹੈ। ਤੀਸਰੀ ਤੇ ਚੌਥੀ ਪੁਸਤਕ 'ਗੁਰਮਤਿ ਸੰਗੀਤ ਦਰਪਣ' ਭਾਗ-ਪਹਿਲਾ ਤੇ ਦੂਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਖ 31 ਰਾਗਾਂ ਵਿੱਚ ਵਿਸਥਾਰ ਪੂਰਵਕ ਰਾਗਾਂ ਦੀ ਜਾਣਕਾਰੀ ਤੇ ਹਰ ਇਕ ਰਾਗ ਵਿੱਚ ਸਾਢ, ਪੌਣ, ਸੁਆਈ, ਆਪ੍ਰਚਲਿਤ ਤੇ ਪ੍ਰਚਲਿਤ ਤੇ ਸੁਖੈਣ ਤਾਲਾਂ ਵਿੱਚ ਨਿਰਧਾਰਿਤ ਰਾਗਾਂ ਵਿੱਚ ਸ਼ਬਦ ਬੰਦਸ਼ਾਂ ਦਰਜ ਕੀਤੀਆਂ ਹਨ। ਪੰਜਵੀ ਪੁਸਤਕ 'ਗੁਰਮਤਿ ਸੰਗੀਤ ਦਰਪਣ' ਭਾਗ-ਤੀਜਾ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਿਸ਼ਰਤ ਤੇ ਰਾਗ ਪ੍ਰਕਾਰਾਂ ਦੇ 32 ਰਾਗਾਂ ਦੀ ਸੰਪੂਰਨ ਜਾਣਕਾਰੀ ਦਿੱਤੀ ਗਈ ਹੈ। ਇਹਨਾਂ ਪੁਸਤਕਾਂ ਦੇ ਆਉਣ ਨਾਲ ਸੰਗੀਤ ਦੇ ਵਿਦਿਆਰਥੀ ਨੂੰ ਅਨਮੋਲ ਤੋਹਫੇ ਪ੍ਰਾਪਤ ਹੋ ਗਏ। ਅਸੀ ਤੇ ਸਾਡੀਆਂ ਆਉਣ ਵਾਲੀਆਂ ਪੀੜੀਆਂ ਗੁਰਮਤਿ ਸੰਗੀਤ ਦੇ ਅਤੁੱਟ ਤੇ ਅਖੁੱਟ ਖਜ਼ਾਨੇ ਦੇ ਵਾਰਸ ਬਣ ਗਏ ।

ਭਾਰਤ ਸਰਕਾਰ ਵੱਲੋਂ ਸੰਗੀਤ ਨਾਟਕ ਅਕੈਡਮੀ ਤੇ ਫਿਰ ਟੈਗੋਰ ਅਕੈਡਮੀ ਰਤਨ ਅਵਾਰਡ, ਸਿੱਖ ਵਰਲਡ ਸੁਸਾਇਟੀ ਵੱਲੋਂ ਸਿੱਖ ਲਾਈਫ ਟਾਇਮ ਐਚੀਵਮੈਂਟ ਪੁਰਸਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼੍ਰੋਮਣੀ ਰਾਗੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਸੀਨੀਅਰ ਫੈਲੋਸ਼ਿਪ, ਤਖਤ ਸ੍ਰੀ ਕੇਸਗੜ੍ਹ ਸਾਹਿਬ ਵੱਲੋ ਭਾਈ ਮਰਦਾਨਾ ਅਵਾਰਡ ਗੁਰਮਤਿ ਸਾਗਰ ਟ੍ਰਸਟ ਸ੍ਰੀ ਅਨੰਦਪੁਰ ਸਾਹਿਬ ਗੁਰਮਤਿ ਸੰਗੀਤ ਰਤਨ ਅਵਾਰਡ,ਪਾਰਸ ਕਲਾ ਕੇਂਦਰ ਜਲੰਧਰ ਵਲੋਂ ਪੰਡਿਤ ਬਲਵੰਤ ਜਸਵਾਲ ਜੀ ਯਾਦਗਰੀ ਅਵਾਰਡ, ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਟ੍ਰੱਸਟ ਅਮ੍ਰਿਤਸਰ ਵੱਲੋਂ ਭਗਤ ਪੂਰਨ ਸਿੰਘ ਮਾਨਵ ਸੇਵਾ ਅਵਾਰਡ, ਸਰਬੱਤ ਕਾ ਭਲਾ ਸੋਸਾਇਟੀ ਦੁਬਈ, ਸਿੱਖ ਬੁੱਧੀਜੀਵੀ ਸੁਸਾਇਟੀ ਲੁਧਿਆਣਾ,ਪੰਜਾਬੀ ਸਹਿਤ ਅਕੈਡਮੀ ਲੁਧਿਆਣਾ,ਤਕਸ਼ਿਲਾ ਐਜੂਕੇਸ਼ਨ ਸੁਸਾਇਟੀ, ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ਼ ਆਫ ਕਾਮਰਸ ਨਵੀਂ ਦਿੱਲੀ, ਸੰਤ ਗੁਰਮੁਖ ਸਿੰਘ ਗੁ. ਗੁਰੂ ਨਾਨਕ ਸਤਸੰਗ ਸਭਾ ਤਿਲਕ ਨਗਰ ਨਵੀਂ ਦਿੱਲੀ, ਸੁਰ ਸੰਗਮ ਕਲਚਰਲ ਸੁਸਾਇਟੀ,ਸਾਂਈ ਮੀਆਂ ਮੀਰ ਟ੍ਰਸੱਟ,ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ,ਗਲੋਬਲ ਸਿੱਖ ਐਜੂਕੇਸ਼ਨ ਫਾਊਂਡੇਸ਼ਨ,ਸ਼ੁਭ ਕਰਮਨ ਤੇ ਕਬਹੂ ਨ ਟਰੋਂ ਸੁਸਾਇਟੀ ਅੰਮ੍ਰਿਤਸਰ, ਰਾਮਗੜ੍ਹੀਆ ਗਰਲਜ਼ ਕਾਲਜ਼ ਲੁਧਿਆਣਾ, ਗੁਰੂ ਨਾਨਕ ਫਿਫਥ ਸੈਨਟੈਨਰੀ ਸਕੂਲਜ਼ ਵਿਸੇਂਟ ਹਿਲ ਮਸੂਰੀ, ਸੈਂਟਰਲ ਖਾਲਸਾ ਯਤੀਮ ਖਾਨਾ ਅਤੇ ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ ਆਦਿ ਨੇ ਅਨੇਕਾਂ ਹੀ ਪੁਰਸਕਾਰ ਤੇ ਮਾਨ ਸਨਮਾਨਾਂ ਨਾਲ ਸਨਮਾਨਿਤ ਕੀਤਾ ਹੈ। ਜੇ ਸਾਦਗੀ ਦੀ ਘਾਲਣਾ ਦੀ ਨਿਮਰਤਾ ਦੀ ਕੋਈ ਉਦਾਹਰਨ ਲੈਣੀ ਹੋਵੇ, ਪ੍ਰੋ. ਕਰਤਾਰ ਸਿੰਘ ਜੀ ਦੇ ਜੀਵਨ ਤੋ ਲਈ ਜਾ ਸਕਦੀ ਹੈ। ਗੁਰਮਤਿ ਕੀਰਤਨ ਸ਼ੈਲੀ ਪਰਚਾਰਨ ਲਈ ਪ੍ਰਮਾਤਮਾ ਆਪ ਜੀ ਨੂੰ ਦੇਹ ਅਰੋਗਤਾ, ਬੱਲ ਅਤੇ ਸਮਰੱਥਾ ਬਖਸ਼ਣ ਇਹੀ ਸਾਡੀ ਅਰਦਾਸ ਹੈ।ਗੁਰਮਤਿ ਸੰਗੀਤ ਦੇ ਪ੍ਰੀਤਵਾਨ ਪ੍ਰੋ. ਕਰਤਾਰ ਸਿੰਘ ਜੀ ਦੀਆਂ ਸਿੱਖ ਪੰਥ ਪ੍ਰਤੀ ਅਦੁੱਤੀ ਸੇਵਾਵਾਂ ਲਈ ਸਦੈਵ ਹੀ ਰਿਣੀ ਰਹਾਂਗੇ

ਸੰਗੀਤ ਅਧਿਆਪਕ
ਗੁਰਮਤਿ ਸੰਗੀਤ ਅਧਿਆਪਕ ਸ੍ਰੀ ਅਨੰਦਪੁਰ ਸਾਹਿਬ
ਮੋ: 87250-02015
ਈ ਮੇਲ: sssagar111@yahoo.com